# ਦਫ਼ਤਰ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ

ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ ਨਗਰ ਦੀ ਸਧਾਰਨ ਮੀਟਿੰਗ ਮਿਤੀ: 10-11-2022 ਨੂੰ ਸਮਾਂ ਬਾਅਦ ਸਵੇਰੇ 10:30 ਵਜੇ ਸ਼੍ਰੀ ਅਮਰਜੀਤ ਸਿੰਘ ਸਿੱਧੂ, ਮੇਅਰ, ਨਗਰ ਨਿਗਮ, ਐਸ.ਏ.ਐਸ ਨਗਰ ਜੀ ਪ੍ਰਧਾਨਗੀ ਹੇਠ ਮਿਉਂਸਪਲ ਭਵਨ, ਸੈਕਟਰ-68 ਵਿਖੇ ਹੋਈ। ਜਿਸ ਵਿੱਚ ਹੇਠ ਲਿਖੇ ਮੈਂਬਰ ਸਾਹਿਬਾਨ ਹਾਜ਼ਰ ਆਏ:-

| ਵਾਰਡ ਨੰ: | ਕੌਂਸਲਰ ਦਾ ਨਾਮ | ਵਾਰਡ ਨੰ: | ਕੌਂਸਲਰ ਦਾ ਨਾਮ | ਵਾਰਡ ਨੰ: | ਕੌਂਸਲਰ ਦਾ ਨਾਮ |
|---|---|---|---|---|---|
| 42 | ਸ਼੍ਰੀ ਅਮਰੀਕ ਸਿੰਘ ਸੋਮਲ, ਸੀਨੀਅਰ ਡਿਪਟੀ ਮੇਅਰ | 18 | ਸ਼੍ਰੀ ਕੁਲਵੰਤ ਸਿੰਘ | 35 | ਸ਼੍ਰੀਮਤੀ ਅਰੁਨਾ ਸ਼ਰਮਾ |
| 8 | ਸ਼੍ਰੀ ਕੁਲਜੀਤ ਸਿੰਘ ਬੇਦੀ, ਡਿਪਟੀ ਮੇਅਰ | 19 | ਸ਼੍ਰੀਮਤੀ ਰਾਜ ਰਾਣੀ ਜੈਨ | 36 | ਸ਼੍ਰੀ ਪ੍ਰਮੋਦ ਕੁਮਾਰ |
| 1 | ਸ਼੍ਰੀਮਤੀ ਜਸਪ੍ਰੀਤ ਕੋਰ | 20 | ਸ਼੍ਰੀ ਰਿਸ਼ਵ ਜੈਨ | 37 | ਸ਼੍ਰੀਮਤੀ ਗੁਰਪ੍ਰੀਤ ਕੋਰ |
| 2 | ਸ਼੍ਰੀ ਮਨਜੀਤ ਸਿੰਘ ਸੇਠੀ | 21 | ਸ਼੍ਰੀਮਤੀ ਹਰਸ਼ਪ੍ਰੀਤ ਕੌਰ ਭੰਮਰਾ | 38 | ਸ਼੍ਰੀਸਰਬਜੀਤ ਸਿੰਘ |
| 3 | ਸ਼੍ਰੀਮਤੀ ਦਵਿੰਦਰ ਕੋਰ ਵਾਲਿਆ | 22 | ਸ਼੍ਰੀ ਜਸਬੀਰ ਸਿੰਘ ਮੰਣਕੂ | 39 | ਸ਼੍ਰੀਮਤੀ ਕਰਮਜੀਤ ਕੋਰ |
| 4 | ਸ਼੍ਰੀ ਰਜਿੰਦਰ ਸਿੰਘ ਰਾਣਾ | 24 | ਸ਼੍ਰੀ ਮਾਸਟਰ ਚਰਨ ਸਿੰਘ | 40 | ਸ਼੍ਰੀ ਸੁੱਚਾ ਸਿੰਘ ਕਲੋੜ |
| 5 | ਸ਼੍ਰੀਮਤੀ ਰੁਪਿੰਦਰ ਕੋਰ ਰੀਨਾ | 25 | ਸ਼੍ਰੀ ਮਨਜੀਤ ਕੋਰ | 41 | ਸ਼੍ਰੀਮਤੀ ਕੁਲਵੰਤ ਕੋਰ |
| 6 | ਸ਼੍ਰੀ ਜਸਪ੍ਰੀਤ ਸਿੰਘ ਗਿੱਲ | 26 | ਸ਼੍ਰੀ ਰਵਿੰਦਰ ਸਿੰਘ | 43 | ਸ਼੍ਰੀਮਤੀ ਹਰਵਿੰਦਰ ਕੋਰ |
| 9 | ਸ਼੍ਰੀਮਤੀ ਬਲਰਾਜ ਕੋਰ | 27 | ਸ਼੍ਰੀਮਤੀ ਪਰਵਿੰਦਰ ਕੋਰ | 44 | ਸ਼੍ਰੀ ਜਗਦੀਸ ਸਿੰਘ |
| 11 | ਸ਼੍ਰੀਮਤੀ ਅਨੁਰਾਧਾ ਆਨੰਦ ਅੰਨੁ | 28 | ਸ਼੍ਰੀਮਤੀ ਰਮਨਪ੍ਰੀਤ ਕੋਰ | 45 | ਸ਼੍ਰੀਮਤੀ ਮੀਨਾ ਕੌਂਡਲ |
| 12 | ਸ਼੍ਰੀ ਪਰਮਜੀਤ ਸਿੰਘ ਹੈਪੀ | 30 | ਸ਼੍ਰੀ ਵਿਨੀਤ ਮਲਿਕ | 46 | ਸ਼੍ਰੀ ਰਵਿੰਦਰ ਸਿੰਘ |
| 13 | ਸ਼੍ਰੀਮਤੀ ਨਮਰਤਾ ਸਿੰਘ | 31 | ਸ਼੍ਰੀਮਤੀ ਕੁਲਜਿੰਦਰ ਕੋਰ | 47 | ਸ਼੍ਰੀਮਤੀ ਸੁਮਨ |
| 14 | ਸ਼੍ਰੀ ਕਮਲਪ੍ਰੀਤ ਸਿੰਘ ਬਨੀ | 33 | ਸ਼੍ਰੀਮਤੀ ਹਰਜਿੰਦਰ ਕੋਰ ਬੈਦਵਾਨ | 48 | ਸ਼੍ਰੀ ਨਰਾਇਣ ਸਿੰਘ ਸਿੱਧੂ |
| 16 | ਸ਼੍ਰੀ ਨਰਪਿੰਦਰ ਸਿੰਘ ਰੰਗੀ | 34 | ਸ਼੍ਰੀ ਸੁਖਦੇਵ ਸਿੰਘ | 50 | ਸ਼੍ਰੀਮਤੀ ਗੁਰਮੀਤ ਕੌਰ |

ਮਾਨਯੋਗ ਹਾਊਸ ਵੱਲੋਂ ਮੀਟਿੰਗ ਦੇ ਸ਼ੁਰੂ ਹੋਣ ਤੋਂ ਪਹਿਲਾਂ ਪਿਛਲੇ ਦਿਨਾਂ ਵਿੱਚ ਬਿਛੜੀਆਂ ਰੂਹ ਸ਼੍ਰੀ ਅਮਰਜੀਤ ਸਿੰਘ ਸਿੱਧੂ, ਮੇਅਰ, ਨਗਰ ਨਿਗਮ, ਐਸ.ਏ.ਐਸ ਨਗਰ ਜੀ ਦੇ ਮਾਤਾ ਸਰਦਾਰਨੀ ਰਣਜੀਤ ਕੋਰ ਅਤੇ ਸ਼੍ਰੀਮਤੀ ਗੁਰਮੀਤ ਕੋਰ, ਮਿਉਂਸਪਲ ਕੌਂਸਲਰ ਵਾਰਡ ਨੰ: 50 ਜੀ ਦੇ ਸਹੁਰਾ ਜੀ ਸ: ਜਗਜੀਤ ਸਿੰਘ, ਸੈਣੀ ਜੀ ਦੀ ਅਚਾਨਕ ਮੌਤ ਹੋ ਗਈ ਹੈ ਤੇ ਹਾਊਸ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਬਿਛੜੀ ਰੂਹ ਦੀ ਆਤਮਾ ਦੀ ਸ਼ਾਂਤੀ ਲਈ 2 ਮਿੰਟ ਦਾ ਮੌਨ ਰੱਖਿਆ ਗਿਆ।

<table>
<tr><th>Sr. No.</th><th>Resolution No.</th><th>Date of Meeting</th><th>Resolution Description</th><th>Orders of Competent Authority</th></tr>
<tr><td>1)</td><td>151</td><td>10-11-2022</td><td>ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ ਨਗਰ ਦੀ ਪਿਛਲੀ ਸਧਾਰਨ ਮੀਟਿੰਗ ਰਾਂਹੀ ਮਿਤੀ: 29-07-2022 ਦੀ ਕਾਰਵਾਈ ਦੀ ਪੁਸ਼ਟੀ ਕਰਨ ਸਬੰਧੀ।</td><td>ਸਰਬ-ਸੰਮਤੀ ਨਾਲ ਪਿਛਲੀ ਮੀਟਿੰਗ ਦੀ ਪੁਸ਼ਟੀ ਕੀਤੀ ਗਈ।</td></tr>
<tr><td>2)</td><td>152</td><td>10-11-2022</td><td>ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ ਨਗਰ ਦੀ ਪਿਛਲੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ: 07-09-2022 ਦੀ ਕਾਰਵਾਈ ਦੀ ਪੁਸ਼ਟੀ ਕਰਨ ਸਬੰਧੀ।</td><td>ਸਰਬ-ਸੰਮਤੀ ਨਾਲ ਪਿਛਲੀ ਮੀਟਿੰਗ ਦੀ ਪੁਸ਼ਟੀ ਕੀਤੀ ਗਈ।</td></tr>
<tr><td>3)</td><td>153</td><td>10-11-2022</td><td><u>ਪਾਰਕ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ ਤੇ ਰੱਖਣ ਸਬੰਧੀ।</u><br><br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜ਼ਾਂਦਾ ਹੈ ਕਿ ਮਾਨਯੋਗ ਡਿਪਟੀ ਕਮਿਸ਼ਨਰ, ਐਸ.ਏ.ਐਸ ਨਗਰ ਜੀ ਵੱਲੋਂ Meeting ਵਿੱਚ ਜੁਬਾਨੀ ਤੋਰ ਤੇ ਹੁਕਮ ਕੀਤੇ ਗਏ ਹਨ ਕਿ ਸ਼ਹੀਦ ਭਗਤ ਸਿੰਘ ਜੀ ਦੇ ਆਉਣ ਵਾਲੇ ਜਨਮ ਦਿਵਸ ਮਿਤੀ: 28-09-2022 ਦੇ ਮੌਕੇ ਤੇ ਐਸ.ਏ.ਐਸ ਨਗਰ ਸ਼ਹਿਰ ਵਿੱਚ ਪੈਂਦੇ ਪਾਰਕਾਂ ਵਿੱਚੋਂ ਕਿਸੇ ਇੱਕ ਪਾਰਕ ਦਾ ਨਾਂ ਸ਼ਹੀਦ ਭਗਤ ਸਿੰਘ ਜੀ ਦੇ ਨਾ ਤੇ ਰੱਖਿਆ ਜਾਵੇ। ਸੋ ਇਥੇ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਦੀ ਹਦੂਦ ਵਿੱਚ ਪੈਦੇ ਪਾਰਕਾਂ ਵਿੱਚੋ ਹੇਠ ਲਿਖੇ ਕੁਝ ਪਾਰਕ ਦਾ ਨਾਂ ਸ਼ਹੀਦ ਭਗਤ ਸਿੰਘ ਜੀ ਦੇ ਨਾਂ ਮੇ ਰੱਖਿਆ ਜਾ ਸਕਦਾ ਹੈ।
<table>
<tr><td>ਲੜੀ ਨੰ:</td><td>ਪਾਰਕ ਦਾ ਅਸਲ ਨਾਂ</td><td>ਰੱਖਣ ਯੋਗ ਨਾਂ</td></tr>
<tr><td>1.</td><td>ਨੇਬਰਹੁੱਡ ਪਾਰਕ ਫੇਜ- 11</td><td>ਸ਼ਹੀਦ ਭਗਤ ਸਿੰਘ ਨੇਬਰਹੁੱਡ ਪਾਰਕ ਫੇਜ- 11</td></tr>
<tr><td>2.</td><td>ਗਰੀਨ ਪਾਰਕ ਫੇਜ-2</td><td>ਸ਼ਹੀਦ ਭਗਤ ਸਿੰਘ ਗਰੀਨ ਪਾਰਕ ਫੇਜ-2</td></tr>
<tr><td>3.</td><td>ਨੇਂਚਰ ਪਾਰਕ</td><td>ਸ਼ਹੀਦ ਭਗਤ ਸਿੰਘ ਨੇਂਚਰ ਪਾਰਕ</td></tr>
<tr><td>4.</td><td>ਸਿਟੀ ਪਾਰਕ</td><td>ਸ਼ਹੀਦ ਭਗਤ ਸਿੰਘ ਸਿਟੀ ਪਾਰਕ</td></tr>
</table>
ਸੋ ਉਕਤ ਅਨੁਸਾਰ ਜੇਕਰ ਪ੍ਰਵਾਨ ਹੋਵੇ ਤਾਂ ਉਕਤ ਵਿੱਚੋਂ ਕਿਸੇ ਇੱਕ ਪਾਰਕ ਦਾਂ ਨਾਂ ਬਣਲਣ ਲਈ ਰਿਪੋਰਟ ਨਗਰ ਨਿਗਮ ਹਾਊਸ ਦੇ ਵਿਚਾਰਨ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।</td><td>ਹਾਊਸ ਵੱਲੋਂ ਸਰਬ-ਸੰਮਤੀ ਨਾਲ ਪਾਰਕਾਂ ਵਿੱਚੋਂ ਨੇਂਚਰ ਪਾਰਕ ਦਾ ਨਾਮ ਸ਼ਹੀਦ ਭਗਤ ਸਿੰਘ ਨੇਂਚਰ ਪਾਰਕ ਰੱਖਣਾ ਪ੍ਰਵਾਨ ਕੀਤਾ ਗਿਆ ਹੈ।</td></tr>
<tr><td>4)</td><td>154</td><td>10-11-2022</td><td><u>R/C Estimate for Supply of Fuelwood For Cremation Ground. (Est. cost 39.27 lacs)</u><br><br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਕੰਮ ਇਸ ਦਫ਼ਤਰ ਦੇ ਵਰਕ ਆਰਡਰ ਨੰ: 679 dt: 08-07-2021 ਰਾਂਹੀ The Dashmesh Co-op L&C Society ਨੂੰ ਅਲਾਟ ਕੀਤਾ ਗਿਆ ਸੀ। ਇਹ ਕੰਮ Cremation Ground ਵਿੱਚ ਲੱਕੜ ਸਪਲਾਈ ਦਾ ਹੈ। ਹੁਣ ਇਹ ਕੰਮ ਖ਼ਤਮ ਹੋ ਰਿਹਾ ਹੈ। ਇਸ ਕੰਮ ਦਾ ਨਵਾ ਟੈਂਡਰ ਕਾਲ ਕੀਤਾ ਜਾਣਾ ਹੈ ਅਤੇ ਇਸ ਪ੍ਰਕਿਰਿਆ ਨੂੰ ਪੂਰਾ ਹੋਣ ਵਿੱਚ ਲਗਭਗ 02 ਮਹੀਨੇ ਦਾ ਸਮਾਂ ਲੱਗ ਸਕਦਾ ਹੈ। ਇਹ ਕੰਮ ਅਤਿ ਜਰੂਰੀ ਨੇਂਚਰ ਦਾ ਹੈ। ਜਿਸ ਕਾਰਨ ਇਸ ਨੂੰ ਰੋਕਿਆ ਨਹੀ ਜਾ ਸਕਦਾ। ਸੋ ਇਸ ਕੰਮ ਵਿੱਚ ਅਲਾਟਡ ਰਕਮ ਤੋਂ 25% ਵਾਧੇ ਦੀ ਪ੍ਰਵਾਨਗੀ ਮਾਨਯੋਗ ਮੇਅਰ ਸਾਹਿਬ ਵੱਲੋਂ ਹਾਊਸ ਦੀ ਆਉਣ ਵਾਲੀ ਮੀਟਿੰਗ ਵਿੱਚ ਪਾਸ ਹੋਣ ਦੀ ਆਸ ਵਿੱਚ ਦਿੱਤੀ ਗਈ ਸੀ।<br>ਉਕਤ ਕੇਸ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।</td><td>ਸਰਬ-ਸੰਮਤੀ ਨਾਲ ਪ੍ਰਵਾਨ ਹੈ।</td></tr>
</table>

<table>
<tr>
<td>5)</td>
<td>155</td>
<td>10-11-2022</td>
<td>

<u>**ਸੀ.ਟੀ/ਪੀ.ਟੀ ਦੇ ਕੰਮ ਦੇ ਠੇਕੇ ਦੀ ਮਿਆਦ ਵਿੱਚ ਵਾਧਾ ਕਰਨ ਸਬੰਧੀ।**</u>

ਰਿਪੋਰਟ ਸੈਨੀਟੇਸ਼ਨ ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ,ਐਸ.ਏ.ਐਸ.ਨਗਰ ਵੱਲੋਂ ਸ਼ਹਿਰ ਦੇ ਵੱਖ-ਵੱਖ ਏਰੀਏ ਵਿੱਚ ਬਣਾਏ ਗਏ ਕਮਿਊਨਿਟੀ/ਪਬਲਿਕ ਟੋਆਇਲਟ ਦੀ ਓਪਰੇਸ਼ਨ/ਮੈਨਟੀਨੈਂਸ ਦਾ ਕੰਮ ਨਗਰ ਨਿਗਮ ਦੀ ਓ.ਐਂਡ.ਐਮ ਸ਼ਾਖਾ ਵੱਲੋਂ ਵਰਕ ਆਰਡਰ ਨੰ. 771,772,773,774 ਮਿਤੀ 06-09-2021 ਨੂੰ ਇੱਕ ਸਾਲ ਸਮਾਂ (06-09-2021 ਤੋਂ 05-09-2022) ਤੱਕ ਲਈ ਮੈਕਸ ਇੰਜੀ. ਈ.55 ਫੋਕਲ ਪੁਆਇੰਟ ਚਨਾਲੋਂ ਕੁਰਾਲੀ ਨੂੰ ਅਲਾਟ ਕੀਤਾ ਗਿਆ ਸੀ, ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

<table>
<tr><th>ਜ਼ੋਨ ਨੰ.</th><th>ਫਰਮ ਦਾ ਨਾਮ</th><th>ਅਨੁਮਾਨਤ ਲਾਗਤ</th><th>ਅਲਾਟਮੈਂਟ ਰਕਮ</th><th>ਸੀ.ਟੀ/ਪੀ.ਟੀ ਦੀ ਗਿਣਤੀ</th><th>ਵਰਕ ਆਰਡਰ</th><th>ਮਿਤੀ</th><th>ਟੈਂਡਰ ਦੀ ਮਿਆਦ</th></tr>
<tr><td>1</td><td>ਮੈਕਸ ਇੰਜੀ.</td><td>14765769</td><td>14692824.94</td><td>18</td><td>771</td><td>06-09-2021</td><td>05-09-2022</td></tr>
<tr><td>2</td><td>-ਉਹੀ-</td><td>14860684</td><td>14784298.94</td><td>19</td><td>772</td><td>06-09-2021</td><td>05-09-2022</td></tr>
<tr><td>3</td><td>-ਉਹੀ-</td><td>14465602</td><td>14392910.13</td><td>18</td><td>773</td><td>06-09-2021</td><td>05-09-2022</td></tr>
<tr><td>4</td><td>-ਉਹੀ-</td><td>18542192</td><td>18449257.48</td><td>23</td><td>774</td><td>06-09-2021</td><td>05-09-2022</td></tr>
</table>

ਉਕਤ ਅਨੁਸਾਰ ਅਲਾਟ ਕੀਤੇ ਠੇਕੇ ਦੀ ਮਿਆਦ ਮਿਤੀ: 05-09-2022 ਨੂੰ ਖਤਮ ਹੋ ਗਈ ਹੈ ਅਤੇ ਬ੍ਰਾਚ ਵੱਲੋਂ ਮਿਤੀ: 27-07-2022 ਰਾਂਹੀ ਆਪਣੀ ਰਿਪੋਰਟ ਵਿੱਖ ਲਿਖਿਆ ਗਿਆ ਸੀ ਕਿ ਜਦੋਂ ਤੱਕ ਨਵੇ ਟੈਂਡਰ ਦਾ ਵਰਕ ਆਰਡਰ ਜਾਰੀ ਨਹੀ ਹੋ ਜਾਂਦਾ, ਉਦੋਂ ਤੱਕ ਦਾ ਵਾਧਾ ਕੀਤਾ ਜਾਵੇ, ਪ੍ਰੰਤੂ ਮਾਨਯੋਗ ਹਾਊਸ ਵੱਲੋਂ ਆਪਣੇ ਮਤਾ ਨੰ: 146 ਮਿਤੀ: 29-07-2022 ਰਾਂਹੀਂ 10% ਦਾ ਵਾਧਾ ਕਰਨਾ ਪ੍ਰਵਾਨ ਕੀਤਾ ਗਿਆ ਹੈ।

ਉਕਤ ਸਾਖਾ ਤੋਂ ਇਲਾਵਾ ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਨਗਰ ਨਿਗਮ ਦੀ ਓ.ਐਂਡ.ਐਮ ਵੱਲੋਂ ਕਮਿਊਨਿਟੀ/ਪਬਲਿਕ ਟੋਆਇਲਟ ਦੀ ਮੈਨਟੀਨੈਂਸ ਸਬੰਧੀ ਹਾਲੇ ਤੱਕ ਟੈਂਡਰ ਕਾਲ ਨਹੀਂ ਕੀਤੇ ਗਏ ਹਨ, ਕਿਉਕਿ ਉਨ੍ਹਾ ਵੱਲੋਂ ਐਸਟੀਮੇਂਟ ਬਣਾ ਕੇ ਮੁੱਖ ਦਫ਼ਤਰ ਵਿਖੇ ਪ੍ਰਵਾਨਗੀ ਲਈ ਭੇਜੇ ਗਏ ਹਨ। ਜਿਸ ਦੀ ਹਾਲੇ ਤੱਕ ਪ੍ਰਵਾਨਗੀ ਨਹੀ ਮਿਲੀ। ਕਮਿਊਨਿਟੀ/ਪਬਲਿਕ ਟੋਆਇਲਟ ਦਾ ਕੰਮ ਬਹੁਤ ਹੀ ਮਹੱਤਵਪੂਰਨ ਸੇਵਾਵਾ ਵਿੱਚ ਆਉਦਾ ਹੈ, ਇਸ ਲਈ ਇਸ ਕੰਮ ਨੂੰ ਬੰਦ ਨਹੀ ਕੀਤਾ ਜਾ ਸਕਦਾ। ਕੰਮ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਐਸਟੀਮੈਂਟ ਵਿੱਚ ਪਹਿਲਾਂ ਮਤਾ ਨੰ: 146 ਮਿਤੀ: 29-07-2022 ਰਾਂਹੀ ਕੀਤੇ 10% ਵਾਧੇ ਤੋਂ ਇਲਾਵਾ ਹੋਰ ਐਸਟੀਮੇਂਟ ਦੀ ਰਕਮ ਵਿੱਚ 25% ਦਾ ਵਾਧਾ ਕਰਨਾ ਉਚਿਤ ਹੋਵੇਗਾ ਤਾਂ ਜੋ ਕਿ ਇਸ ਕੰਮ ਨੂੰ ਜਾਰੀ ਰੱਖਿਆ ਜਾ ਸਕੇ। ਰਿਪੋਰਟ ਮਾਨਯੋਗ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮਾਨਯੋਗ ਹਾਊਸ ਦੀ ਪ੍ਰਵਾਨਗੀ ਲਈ ਕੇਸ ਆਪ ਜੀ ਦੀ ਜਾਣਕਾਰੀ ਅਤੇ ਯੋਗ ਹੁਕਮਾਂ ਹਿੱਤ ਪੇਸ਼ ਹੈ ਜੀ।

ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ

</td>
<td>

**ਹਾਊਸ ਵੱਲੋਂ ਸਰਬ-ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਇਸ ਕੰਮ ਦੀ ਅਲਾਟਡ ਰਕਮ ਵਿੱਚ 10% ਦਾ ਵਾਧਾ ਪਿਛਲੀ ਹਾਊਸ ਮੀਟਿੰਗ ਮਿਤੀ: 29-07-2022 ਰਾਂਹੀ ਪ੍ਰਵਾਨ ਕੀਤਾ ਜਾ ਚੁੱਕਾ ਹੈ, ਹੁਣ ਇਸ ਕੰਮ ਦੀ ਅਲਾਟਡ ਰਕਮ ਵਿੱਚ 15% ਦਾ ਹੋਰ ਵਾਧਾ ਕੁੱਲ 25% ਵਾਧਾ ਪ੍ਰਵਾਨ ਹੈ।**

</td>
</tr>
</table>

| | | | | |
|---|---|---|---|---|
| | | | ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 6) | 156 | 10-11-2022 | **Regarding water supply for the upcoming building of Punjab Biotechnology incubator at Knowledge City, Sector 81, S.A.S Nagar.**<br><br>ਹਵਾਲਾ:- ਸ਼੍ਰੀ ਰਾਹੁਲ ਤਿਵਾੜੀ, ਆਈ.ਏ.ਐਸ, ਸਕੱਤਰ ਜੀ ਦੇ ਪੱਤਰ ਨੰ: PBTI/SSTE/67 ਮਿਤੀ: 18/08/2022 ਦੇ ਸਬੰਧ ਵਿੱਚ।<br><br>ਰਿਪੋਰਟ ਇੰਜ: ਸਾਖਾ (O&M) ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਪੰਜਾਬ ਸਟੇਟ ਬਾਇਓਟੇਕ ਕਾਰਪੋਰੇਸ਼ਨ ਦੇ ਸੀ.ਈ.ਓ ਦੀ ਈ-ਮੇਲ ਮਿਤੀ: 06/10/2022 ਰਾਂਹੀ ਮਾਨਯੋਗ ਸਕੱਤਰ, Science Technology & Enviorment ਜੀ ਦੀ ਪ੍ਰਧਾਨਗੀ ਹੇਠ ਮਿਤੀ: 14/10/2022 ਨੂੰ ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਵਿਖੇ ਹੋਈ ਮੀਟਿੰਗ ਵਿੱਚ ਨਗਰ ਨਿਗਮ ਨੂੰ Punjab Biotechnology incubator ਦੀ Knowledge City, Sector 81, S.A.S Nagar ਵਿਖੇ ਬਣ ਰਹੀ ਨਵੀਂ ਬਿਲਡਿੰਗ ਲਈ ਪਾਣੀ ਦਾ ਕੁਨੈਕਸ਼ਲ ਜਾਰੀ ਕਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਸਬੰਧੀ ਦੱਸਣਯੋਗ ਹੈ ਕਿ ਪਹਿਲਾਂ ਵੀ ਉਕਤ ਸਬੰਧੀ ਹਵਾਲੇ ਅਧੀਨ ਪੱਤਰ ਰਾਂਹੀਂ ਜਾਰੀ ਹਦਾਇਤਾਂ ਤੇ ਨਗਰ ਨਿਗਮ ਵੱਲੋਂ ਪੱਤਰ ਨੰ: 5003 ਮਿਤੀ 16/09/2022 ਰਾਹੀਂ ਸ਼੍ਰੀ ਰਾਹੁਲ ਤਿਵਾੜੀ, ਆਈ.ਏ.ਐਸ, ਸਕੱਤਰ, ਵਿਗਿਆਨ, ਤਕਨੀਕ ਅਤੇ ਵਾਤਾਵਰਨ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ ਜੀ ਨੂੰ ਸਬੰਧਤ ਬਿਲਡਿੰਗ ਦੇ ਕੂਨੈਕਸ਼ਨ ਸਬੰਧੀ ਨਗਰ ਨਿਗਮ ਦਾ ਪੱਖ ਦੱਸਿਆ ਗਿਆ ਸੀ। ਪ੍ਰੰਤੂ ਉਕਤ ਮੀਟਿੰਗ ਵਿੱਚ ਸਬੰਧਤ ਬਿਲਡਿੰਗ ਦੇ ਕੂਨੈਕਸ਼ਨ ਸਬੰਧੀ ਜਾਰੀ ਮੁੜ ਹਦਾਇਤਾ ਦੇ ਸਨਮੁੱਖ ਦੱਸਿਆ ਜ਼ਾਦਾ ਹੈ ਕਿ ਨਗਰ ਨਿਗਮ ਵੱਲੋਂ ਸੈਕਟਰ- 79 ਅਤੇ 80 ਵਿੱਚ ਪਾਣੀ ਦੀ ਸਪਲਾਈ ਵਾਟਰ ਵਰਕਸ, ਸੈਕਟਰ-79 ਰਾਂਹੀ ਦਿੱਤੀ ਜਾਂਦੀ ਹੈ ਅਤੇ ਇਸ ਵਾਟਰ ਵਰਕਸ ਵਿਖੇ ਬਣੇ UGSR ਵਿੱਚ ਪਾਣੀ ਦੀ ਪੂਰਤੀ canal water ਰਾਂਹੀਂ ਤੇ canal water ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਸੈਕਟਰ 79 ਅਤੇ 80 ਵਿਖੇ ਲੱਗੇ ਟਿਊਬਵੈਲਜ ਰਾਂਹੀ ਕੀਤੀ ਜਾਂਦੀ ਹੈ। ਇਨ੍ਹਾਂ ਸੈਕਟਰਾਂ ਵਿੱਚ ਲਗਭਗ 2500 ਪਾਣੀ ਦੇ ਕੂਨੈਕਸ਼ਨ ਹਨ, ਇਨ੍ਹਾ ਵਿੱਚ ਕਈ ਹਾਊਸਿੰਗ ਸੋਸਾਇਟੀਆਂ ਅਤੇ ਸਕੂਲਾਂ ਦੇ ਵੀ ਕੁਨੈਕਸ਼ਨ ਹਨ ਜਿਨ੍ਹਾ ਵੱਲੋਂ ਬਲਕ ਵਿੱਚ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ। ਭਾਰਤ ਸਰਕਾਰ ਦੇ ਰਾਸਟਰੀ ਮਾਪਦੰਡਾਂ ਅਨੁਸਾਰ 135 liter ਪ੍ਰਤੀ ਵਿਅਕਤੀ ਪ੍ਰਤੀ ਦਿਨ ਪਾਣੀ ਮੁਹੱਈਆ ਕਰਵਾਉਣ ਦਾ ਉਪਬੰਧ ਹੈ। ਇਸ ਉਪਬੰਧ ਅਨੁਸਾਰ ਹਰ ਪਰਿਵਾਰ ਦੇ ਔਸਤਨ 5 ਮੈਂਬਰ ਮੰਨਦੇ ਹੋਏ ਇੱਕ ਪਰਿਵਾਰ ਲਈ ਪ੍ਰਤੀ ਦਿਨ 675 ਲੀਟਰ ਪਾਣੀ ਦੀ ਜਰੂਰਤ ਹੈ।ਜੋ ਕਿ 20,250 ਲੀਟਰ ਪ੍ਰਤੀ ਮਹੀਨਾ ਬਣਦੀ ਹੈ. ਇਸ ਤਰ੍ਹਾਂ (2500 X 20250) 50,625 ਕਿਲੋਲੀਟਰ ਤੋਂ ਜਿਆਦਾ (ਕਿਉਕਿ ਸੋਸਾਇਟੀਆਂ ਅਤੇ ਸਕੂਲਾਂ ਵਿੱਚ ਵੱਧ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ) ਸੈਕਟਰ- 79 ਅਤੇ 80 ਵਿਖੇ ਪਾਣੀ ਦੀ ਡਿਮਾਂਡ ਬਣਦੀ ਹੈ। ਇਨ੍ਹਾ ਸੈਕਟਰਾਂ ਵਿੱਚ ਕਾਫੀ ਜਿਆਦਾ ਮਾਤਰਾ ਵਿੱਚ ਨਵੀ ਉਸਾਰੀ ਦਾ ਕੰਮ ਚੱਲ ਰਿਹਾ ਹੈ ਅਤੇ ਕਾਫੀ ਖਾਲੀ ਪਲਾਂਟ ਮੌਜੂਦ ਹਨ, ਜਿੰਨਾਂ ਤੇ ਉਸਾਰੀ ਹੋਣੀ ਬਾਕੀ ਹੈ ਤੇ ਉਸਾਰੀ ਪੂਰੀ ਹੋਣ ਉਪਰੰਤ ਇਨ੍ਹਾ ਸੈਕਟਰਾਂ ਵਿੱਚ ਪਾਣੀ ਦੀ ਡਿਮਾਂਡ ਹੋਰ ਜਿਆਦਾ ਵਧਣ ਦੀ ਸੰਭਾਵਨਾ ਹੈ। **ਵਿਸ਼ੇ ਅਧੀਨ ਬਿਲਡਿੰਗ ਸਬੰਧੀ ਸਬੰਧਤ ਜੂਨੀਅਰ ਇੰਜੀਨੀਅਰ ਨਾਲ ਤਾਲਮੇਲ ਕਰਨ ਤੇ ਪਾਇਆ ਗਿਆ ਹੈ ਕਿ ਇਹ ਬਿਲਡਿੰਗ ਇਕ ਏਕੜ ਏਰੀਏ ਵਿੱਚ ਬੇਸਮੈਂਟ, ਗਰਾਊਂਡ ਫਲੋਰ ਅਤੇ ਉਸ ਉਪਰ ਚਾਰ ਮੰਜਿਲਾਂ ਅਨੁਸਾਰ ਤਿਆਰ ਕੀਤੀ ਗਈ ਹੈ। ਇਸ ਬਿਲਡਿੰਗ ਵਿੱਚ 300 ਵਿਅਕਤੀਆਂ ਦੇ Occupancy ਲੋਡ ਅਨੁਸਾਰ 13.62 ਕਿ: ਲੀ: ਪ੍ਰਤੀ** | **ਸਰਬ-ਸੰਮਤੀ ਨਾਲ ਪ੍ਰਵਾਨ ਹੈ। ਇਹ ਕੰਮ ਨਗਰ ਨਿਗਮ ਦੇ ਅਧਿਕਾਰ ਖੇਤਰ ਤੋਂ ਬਾਹਰ ਪੈਦਾ ਹੈ। ਇਸ ਲਈ ਇਹ ਕੰਮ ਪੰਜਾਬ ਮਿਉਂਸਪਲ ਕਾਰੋਪਰੇਸ਼ਨ ਐਕਟ 1976 ਦੀ ਧਾਰਾ 82 (3) ਅਧੀਨ ਸਰਕਾਰ ਤੋਂ ਪ੍ਰਵਾਨਗੀ ਲੈ ਕੇ ਕਰਵਾਇਆ ਜਾਵੇ।** |

| | | | | |
|---|---|---|---|---|
| | | | ਵਿਅਕਤੀ ਪਾਣੀ ਦੀ ਡਿਮਾਂਡ ਦੱਸੀ ਗਈ ਹੈ। ਇਸ ਬਿਲਡਿੰਗ ਵਿੱਚ ਇਕ ਲੱਖ ਲੀਟਰ ਦਾ UGSR ਬਣਾਇਆ ਗਿਆ ਹੈ ਅਤੇ ਪਾਣੀ ਦੀ ਵਰਤੋਂ ਲਈ ਬਿਲਡਿੰਗ ਉਪਰ ਪਾਣੀ ਦੀ ਟੈਂਕੀਆਂ ਰੱਖੀਆਂ ਗਈਆਂ ਹਨ। ਇਸ ਤਰ੍ਹਾਂ ਇਸ ਬਿਲਡਿੰਗ ਵਿੱਚ ਵੀ ਕਾਫੀ ਬਲਕ ਵਿੱਚ ਪਾਣੀ ਦੀ ਵਰਤੋਂ ਕੀਤੀ ਜਾਵੇਗੀ। ਇਸ ਅਨੁਸਾਰ ਇਸ ਬਿਲਡਿੰਗ ਨੂੰ ਘੱਟੋਂ ਘੱਟ ਇਕ ਇੰਚੀ ਪਾਣੀ ਦਾ ਕੁਨੈਕਸ਼ਨ ਲੋੜੀਂਦਾ ਹੈ ਅਤੇ ਇਹ ਕੁਨੈਕਸ਼ਨ ਨਗਰ ਨਿਗਮ ਦੀ 8 ਇੰਚੀ ਡਿਸਟਰੀਬਿਊਸਨ ਲਾਈਨ ਵਿੱਚੋਂ ਦਿੱਤਾ ਜਾ ਸਕਦਾ ਹੈ, ਜੋ ਕਿ ਇਸ ਬਿਲਡਿੰਗ ਤੋਂ ਲਗਭਗ 600 ਮੀਟਰ ਦੀ ਦੂਰੀ ਤੇ ਹੈ।<br>ਇਥੇ ਦਸਣਯੋਗ ਹੈ ਕਿ Punjab Biotechnology incubator at Knowledge City, Sector 81, S.A.S Nagar ਦੀ ਇਹ ਬਿਲਡਿੰਗ ਨਗਰ ਨਿਗਮ ਦੀ ਹਦੂਦ ਤੋਂ ਬਾਹਰ ਸੈਕਟਰ -80 ਦੇ ਬਿਲਕੁਲ ਸਾਹਮਣੇ ਪੈਂਦੀ ਹੈ ਅਤੇ ਜਿਵੇਂ ਕਿ ਨੋਟਿੰਗ ਪੰਨਾ 1 ਤੇ ਪਹਿਲਾ ਵੀ ਸਪੱਸ਼ਟ ਕੀਤਾ ਗਿਆ ਸੀ ਕਿ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਅਨੁਸਾਰ ਨਗਰ ਨਿਗਮ ਵੱਲੋਂ ਕੋਈ ਵੀ ਵਿਕਾਸ ਦਾ ਕੰਮ ਨਗਰ ਨਿਗਮ ਦੀ ਹਦੂਦ ਤੋਂ ਬਾਹਰ ਨਹੀਂ ਕਰਵਾਇਆ ਜਾ ਸਕਦਾ ਹੈ, ਪ੍ਰੰਤੂ ਜੇਕਰ ਇਸ ਬਿਲਡਿੰਗ ਨੂੰ ਪਾਣੀ ਦਾ ਮੀਟਰਡ ਕੁਨੈਕਸ਼ਨ ਦੇਣ ਲਈ ਕੇਸ ਵਿਚਾਰਿਆ ਜਾਂਦਾ ਹੈ ਤਾਂ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 82 (3) ਅਧੀਨ ਕੇਸ ਨਗਰ ਨਿਗਮ ਦੇ ਹਾਊਸ ਵਿੱਚ ਵਿਚਾਰਨ ਉਪੰਰਤ ਸਰਕਾਰ ਦੀ ਪ੍ਰਵਾਨਗੀ ਲਈ ਭੇਜਣਾ ਜਰੂਰੀ ਹੋਵੇਗਾ ਅਤੇ ਸੰਬਧਤ ਵਿਭਾਗ ਨੂੰ ਇਹ ਕੁਨੈਕਸ਼ਨ ਲੈਣ ਲਈ ਕੁਨੈਕਸ਼ਨ ਚਾਰਜਸ ਅਦਾ ਕਰਨ ਤੋਂ ਇਲਾਵਾ ਪ੍ਰਤੀ ਕੁਆਟਰ ਬਣਦੇ ਯੂਜਰ ਚਾਰਜਸ ਵੀ ਨਗਰ ਨਿਗਮ ਨੂੰ ਅਦਾ ਕਰਨੇ ਲਾਜਮੀ ਹੋਣਗੇ। ਕਿਉਂ ਜੋ ਇਹ ਬਿਲਡਿੰਗ ਨਗਰ ਨਿਗਮ ਦੀ ਹਦੂਦ ਤੋਂ ਬਾਹਰ ਹੈ, ਇਸ ਲਈ ਇਸ ਬਿਲਡਿੰਗ ਨੂੰ ਪਾਣੀ ਦਾ ਕੁਨੈਕਸ਼ਨ ਦੇਣ ਲਈ ਸਬੰਧਤ ਰੋਡ ਕੱਟ ਲਗਾਉਣ ਲਈ ਮਹਿਕਮਾ ਗਮਾਡਾ ਤੋਂ ਐਨ.ਓ.ਸੀ ਲੈਣੀ ਜਰੂਰੀ ਹੋਵੇਗੀ। ਵਿਸ਼ੇ ਅਧੀਨ ਬਿਲਡਿੰਗ ਨੂੰ ਪਾਣੀ ਦਾ ਕੁਨੈਕਸ਼ਨ ਦੇਣ ਲਈ ਸੰਬਧਤ ਵਿਭਾਗ ਤੋਂ ਹੇਠ ਲਿਖੇ ਅਨੁਸਾਰ ਚਾਰਜਸ ਲੈਣੇ ਬਣਦੇ ਹਨ:-<br>➢ ਸਰਕਾਰ ਦੇ ਪੱਤਰ ਪਿੱਠ ਅੰਕਣ ਨੰ .10/34/2005-3LG1/ 4259ਮਿਤੀ 23/03/2005 ਅਨੁਸਾਰ ਪ੍ਰਤੀ ਵਿਅਕਤੀ ਦੇ ਹਿਸਾਬ ਨਾਲ ਉਕਤ ਬਿਲਡਿੰਗ ਦੇ ਕੁਨੈਕਸ਼ਨ ਚਾਰਜ਼ਸ (ਕਾਪੀ ਨਾਲ ਨੱਥੀ ਹੈ (  - 300nos. @ 6892 = 20,67,600/- ਰੁਪਏ<br>➢ ਰੋਡ ਕੱਟ<br>ਪੱਕਾ 250' X 3' = 750' X Rs. 386.10 per sqft. = 289575/-<br>ਕੱਚਾ 1718' X 3' = 5154' X Rs. 15 per sqft. = 77310/-<br>➢ G.I ਪਾਈਪ ISI Marked along with special 25 mm<br>I/D @ 230.43 per mtr. 600 X 230.43 = 1,38,258/- | |

| | | | | |
|---|---|---|---|---|
| | | | ➢ Cost of Ferrule - 1no. = 1558.85<br>Total = 25,74,302/-<br>ਉਕਤ ਅਨੁਸਾਰ ਵਿਸ਼ੇ ਅਧੀਨ ਬਿਲਡਿੰਗ ਨੂੰ ਪਾਣੀ ਦਾ ਮੀਟਰਡ ਕੁਨੈਕਸ਼ਨ ਦੇਣ ਲਈ ਕੁਨੈਕਸ਼ਨ ਚਾਰਜਸ ਦੀ ਰਕਮ -/25,74,302 ਰੁਪਏ ਸਬੰਧਤ ਵਿਭਾਗ ਤੋਂ ਲੈਣ ਲਈ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ (3) 82 ਅਧੀਨ ਕੇਸ ਮਾਨਯੋਗ ਕਮਿਸ਼ਨਰ ,ਨਗਰ ਨਿਗਮ ਜੀ ਦੀ ਪ੍ਰਸਾਸਕੀ ਪ੍ਰਵਾਨਗੀ ਉਪਰੰਤ ਨਗਰ ਨਿਗਮ ਦੇ ਹਾਊਸ ਵਿੱਚ ਵਿਚਾਰਨ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 7) | 157 | 10-11-2022 | **ਨਗਰ ਨਿਗਮ ਵਿਖੇ ਸੰਪਰਕ ਸਰਵਿਸਿਸ, ਚੰਡੀਗੜ੍ਹ ਨਾਲ ਚੱਲ ਰਹੇ ਦਰਜਾ-3 ਅਤੇ ਦਰਜਾ-4 ਦੀ ਮੈਨਪਾਵਰ ਦੇ ਠੇਕੇ ਦੀ ਮਿਆਦ ਵਿੱਚ ਵਾਧਾ ਕਰਨ ਸਬੰਧੀ।**<br><br>ਰਿਪੋਰਟ ਅਮਲਾ ਸਾਖਾ ਕਿ ਵਿਸ਼ੇ ਸਬੰਧੀ ਨੋਟਿੰਗ ਪੰਨਾ/51 ਰਾਹੀ ਨਗਰ ਨਿਗਮ ਵਿਖੇ ਆਉਟਸੋਰਸ ਰਾਹੀ ਦਰਜਾ-3 ਅਤੇ ਦਰਜਾ-4 ਦੀ ਮੈਨਪਾਵਰ ਦਾ ਅਗਲੇ 2 ਸਾਲ ਦਾ ਠੇਕਾ ਦੇਣ ਲਈ ਏਜੰਸੀ ਦੀ ਚੋਣ ਕਰਨ ਵਾਸਤੇ ਈ-ਟੈਡਰ ਕਾਲ ਕਰਨ ਲਈ ਮਿਸਲ Tender Inviting Cell ਨੂੰ ਮਿਤੀ 06.07.2022 ਨੂੰ ਭੇਜੀ ਗਈ ਸੀ। ਹੁਣ ਝੰਡੀ 'ੳ' ਅਨੁਸਾਰ ਕਾਰਪੋਰੇਸ਼ਨ ਇੰਜੀਨਿਅਰ, ਨਗਰ ਨਿਗਮ ਵੱਲੋ ਮਿਤੀ 22.08.2022 ਰਾਹੀ ਸੂਚਿਤ ਕੀਤਾ ਗਿਆ ਹੈ ਕਿ ਨਗਰ ਨਿਗਮ ਦਫ਼ਤਰ ਵਿੱਚ ਆਉਟਸੋਰਸਿੰਗ ਰਾਹੀ ਮੈਨਪਾਵਰ ਦੀ ਸਪਲਾਈ ਦਾ ਟੈਡਰ ਇਸ ਦਫ਼ਤਰ ਦੇ ਨੋਟਿਸ ਨੰ: 4486 ਮਿਤੀ 20.07.2022 ਰਾਹੀ ਲਗਾਇਆ ਗਿਆ ਸੀ। ਇਸ ਟੈਡਰ ਵਿੱਚ ਨਾਲ ਨੱਥੀ ਸ਼ੀਟ ਅਨੁਸਾਰ 4 ਫਰਮਾਂ ਵੱਲੋ ਭਾਗ ਲਿਆ ਗਿਆ ਸੀ। ਜਿਹਨ੍ਹਾਂ ਵਿੱਚੋ ਕੇਵਲ 1 ਫਰਮ ਟੈਕਨੀਕਲੀ ਕਵਾਲਿਫਾਈ ਕਰਦੀ ਸੀ। ਇਸ ਲਈ ਇਸ ਟੈਡਰ ਨੂੰ ਰੀਕਾਲ ਕੀਤਾ ਜਾ ਚੁੱਕਾ ਹੈ। ਉਕਤ ਕੰਮ ਸਬੰਧੀ ਆਪ ਵੱਲੋ ਅਗਲੇਰੀ ਕਾਰਵਾਈ ਆਪਣੇ ਪੱਧਰ ਤੇ ਕਰ ਲਈ ਜਾਵੇ।<br>ਦਫ਼ਤਰੀ ਰਿਕਾਰਡ ਅਨੁਸਾਰ ਨਗਰ ਨਿਗਮ ਵੱਲੋ ਮਤਾ ਨੰ: 586 ਮਿਤੀ 26.12.2019, ਮਤਾ ਨੰ: 641 ਮਿਤੀ 10.04.2020, ਮਤਾ ਨੰ: 636 ਮਿਤੀ 10.04.2020 ਰਾਹੀ ਮਿਤੀ 01.04.2020 ਤੋ ਮਿਤੀ 31.03.2021 ਤੱਕ ਦਾ ਦਰਜਾ-3 ਅਤੇ ਦਰਜਾ-4 ਦੀ ਮੈਨਪਾਵਰ ਦਾ ਠੇਕਾ ਸੰਪਰਕ ਸਰਵਿਸਿਸ, ਚੰਡੀਗੜ੍ਹ ਨੂੰ ਅਲਾਟ ਕੀਤਾ ਗਿਆ। ਇਸ ਉਪਰੰਤ ਨਗਰ ਨਿਗਮ ਵੱਲੋ ਆਪਣੇ ਹੁਕਮ ਨੰ: 144 ਮਿਤੀ 13.01.2021 ਅਤੇ ਸਰਕਾਰ ਵੱਲੋ ਪੱਤਰ ਮਿਤੀ 18.02.2021 ਰਾਹੀ ਪ੍ਰਾਪਤ ਹੋਈ ਪ੍ਰਵਾਨਗੀ ਉਪਰੰਤ ਇਸ ਠੇਕੇ ਦੀ ਮਿਆਦ ਵਿੱਚ ਮਿਤੀ 01.04.2021 ਤੋ 31.03.2022 ਤੱਕ ਦਾ ਵਾਧਾ ਕੀਤਾ ਗਿਆ। ਇਸ ਉਪਰੰਤ ਪੰਜਾਬ ਵਿਧਾਨ ਸਭਾ ਚੋਣਾਂ, 2022 ਦੇ ਮੱਦੇਨਜਰ ਚੋਣ ਜਾਬਤਾ ਲਾਗੂ ਹੋਣ ਕਾਰਨ ਹਾਊਸ ਦੀ ਮਤੇ ਸਬੰਧੀ ਕਾਰਵਾਈ ਸ਼ੁਰੂ ਨਹੀ ਕੀਤੀ ਜਾ ਸਕੀ। ਚੋਣ ਜਾਬਤਾ ਖਤਮ ਹੋਣ ਉਪਰੰਤ ਨਗਰ ਨਿਗਮ ਵੱਲੋ ਆਪਣੇ ਮਤਾ ਨੰ: 116 ਮਿਤੀ 21.03.2022 ਅਤੇ ਸਰਕਾਰ ਵੱਲੋ ਪੱਤਰ ਮਿਤੀ 18.04.2022 ਰਾਹੀ ਪ੍ਰਾਪਤ ਹੋਈ ਪ੍ਰਵਾਨਗੀ ਉਪਰੰਤ ਰਾਹੀ ਸੰਪਰਕ ਸਰਵਿਸਿਸ, ਚੰਡੀਗੜ੍ਹ ਨਾਲ ਪਹਿਲਾਂ ਤੋ ਚੱਲ ਰਹੇ ਠੇਕੇ ਦੀ ਮਿਆਦ ਵਿੱਚ ਮਿਤੀ 01.04.2022 ਤੋ 30.06.2022 (3 ਮਹੀਨੇ) ਤੱਕ ਦਾ ਵਾਧਾ ਕੀਤਾ ਗਿਆ। ਇਸ ਉਪਰੰਤ ਅਗਲਾ ਟੈਡਰ ਪ੍ਰੋਸੈਸ, ਜਿਸਦਾ ਠੇਕਾ 2 ਸਾਲ ਲਈ ਦਿੱਤਾ ਜਾਣਾ ਹੈ, ਮੁਕੰਮਲ ਨਾ ਹੋਣ ਕਾਰਨ ਨਗਰ ਨਿਗਮ ਵੱਲੋ ਆਪਣੇ ਮਤਾ ਨੰ: 139 ਮਿਤੀ 29.07.2022 ਰਾਹੀ ਇਸ ਠੇਕੇ ਦੀ ਮਿਆਦ ਵਿੱਚ ਮਿਤੀ 01-07-2022 ਤੋ 15-08-2022 ਤੱਕ ਦਾ ਵਾਧਾ | ਰੂਲਾਂ ਅਨੁਸਾਰ ਸਰਬ-ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਕੀਤਾ ਗਿਆ। ਜਿਸਦੀ ਸਰਕਾਰ ਦੀ ਪ੍ਰਵਾਨਗੀ ਅਜੇ ਤੱਕ ਪ੍ਰਾਪਤ ਨਹੀ ਹੋਈ ਹੈ।<br>ਜਿਵੇ ਕਿ ਉਕਤ ਅਨੁਸਾਰ ਕਾਰਪੋਰੇਸ਼ਨ ਇੰਜੀਨਿਅਰ, ਨਗਰ ਨਿਗਮ ਵੱਲੋ ਸੂਚਿਤ ਕੀਤਾ ਗਿਆ ਹੈ ਕਿ ਮਿਤੀ 20.07.2022 ਨੂੰ ਜ਼ੋ ਟੈਡਰ ਕਾਲ ਕੀਤਾ ਗਿਆ ਸੀ, ਉਹ 1 ਫਰਮ ਵੱਲੋ ਟੈਕਨੀਕਲੀ ਕਵਾਲਿਫਾਈ ਹੋਣ ਕਾਰਨ ਇਹ ਟੈਡਰ T.No- 4725 ਮਿਤੀ 22.08.2022 ਰਾਹੀ ਦੁਬਾਰਾ ਰੀਕਾਲ ਕੀਤਾ ਗਿਆ ਹੈ। ਜਿਸਦੀ ਤਕਨੀਕੀ ਬਿੱਡ ਮਿਤੀ 14.09.2022 ਅਤੇ ਫਾਇਨੈਸ਼ੀਅਲ ਬਿੱਡ ਮਿਤੀ 15.09.2022 ਨੂੰ ਖੋਲੀ ਜਾਣੀ ਹੈ। ਇਸ ਉਪਰੰਤ ਟੈਡਰ ਦੀ ਕੰਮਪੇਰੇਟਿਵ ਰਿਪੋਰਟ ਦੀ ਵੈਟਿੰਗ ਕਰਨ ਲਈ ਇੰਜੀਨਿਅਰਿੰਗ ਸ਼ਾਖਾ ਵੱਲੋ ਕੇਸ ਮੁੱਖ ਇੰਜੀਨਿਅਰ, ਸਥਾਨਕ ਸਰਕਾਰ, ਪੰਜਾਬ ਤੋ ਪ੍ਰਵਾਨ ਕਰਵਾਇਆ ਜਾਣਾ ਹੈ। ਇਸ ਤਰ੍ਹਾਂ ਇਸ ਕੰਮ ਦਾ ਟੈਡਰ ਪ੍ਰੋਸੈਸ ਮੁਕੰਮਲ ਹੋਣ ਵਿੱਚ ਲਗਭਗ 2-3 ਮਹੀਨੇ ਦਾ ਸਮਾਂ ਲੱਗ ਸਕਦਾ ਹੈ। ਨਗਰ ਨਿਗਮ ਵਿਖੇ ਪਹਿਲਾਂ ਹੀ ਸਟਾਫ਼ ਦੀ ਬਹੁਤ ਘਾਟ ਹੈ। ਨਗਰ ਨਿਗਮ ਵੱਲੋ ਮੌਜੂਦਾ ਸਮੇ ਸੰਪਰਕ ਸਰਵਿਸਿਸ, ਚੰਡੀਗੜ੍ਹ ਨਾਲ ਚੱਲ ਰਹੇ ਠੇਕੇ ਦੀ ਪ੍ਰਤੀ ਮਾਹ ਲਗਭਗ 26.00 ਲੱਖ ਰੁਪਏ ਅਦਾਇਗੀ ਕੀਤੀ ਜਾ ਰਹੀ ਹੈ। ਇਸ ਲਈ ਕੰਮ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਅਤੇ ਦਫ਼ਤਰ ਦਾ ਕੰਮ ਸੁਚਾਰੂ ਢੰਗ ਨਾਲ ਚੱਲਦਾ ਰੱਖਣ ਲਈ ਅਤੇ ਹਾਲੇ ਹਾਊਸ ਦੀ ਮੀਟਿੰਗ ਜਲਦੀ ਨਾ ਹੋਣ ਦੀ ਸੰਭਾਵਨਾ ਨੂੰ ਮੱਦੇਨਜਰ ਰੱਖਦੇ ਹੋਏ ਇਸ ਠੇਕੇ ਦੀ ਮਿਆਦ ਵਿੱਚ ਮਿਤੀ 16.08.2022 ਤੋ 31.12.2022 ਜਾਂ ਅਗਲਾ ਟੈਡਰ ਪ੍ਰੋਸੈਸ ਮੁਕੰਮਲ ਹੋਣ ਤੱਕ (ਜ਼ੋ ਵੀ ਪਹਿਲਾਂ ਹੋਵੇ) ਦਾ ਵਾਧਾ ਕਰਨ ਅਤੇ ਇਸ ਤੇ ਆਉਣ ਵਾਲੇ ਲਗਭਗ 92.00 ਲੱਖ ਰੁਪਏ ਖਰਚੇ ਦੀ ਪ੍ਰਵਾਨਗੀ ਲੈਣ ਲਈ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮਾਨਯੋਗ ਮੇਅਰ ਸਾਹਿਬ ਜੀ ਵੱਲੋਂ ਹਾਊਸ ਦੀ ਆਉਣ ਵਾਲੀ ਮੀਟਿੰਗ ਵਿੱਚ ਪਾਸ ਹੋਣ ਦੀ ਆਸ ਵਿੱਚ ਪ੍ਰਵਾਨਗੀ ਦਿੱਤੀ ਗਈ ਸੀ।<br>ਉਕਤ ਕੇਸ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 8) | 158 | 10-11-2022 | **ਨਗਰ ਨਿਗਮ ਵਿਖੇ ਕੰਮ ਕਰ ਰਹੇ/ਕੰਮ ਕਰ ਚੁੱਕੇ ਪੰਪ ਓਪਰੇਟਰਾਂ/ਸਹਾਇਕ ਪੰਪ ਓਪਰੇਟਰਾਂ ਦੀ ਮਤਾ ਨੰ: 117 ਮਿਤੀ 21-03-2022 ਦੀ ਰੋਸ਼ਨੀ ਵਿੱਚ ਅਧਿਕਾਰੀਆਂ/ਕਰਮਚਾਰੀਆਂ ਦੀ ਕਮੇਟੀ ਵੱਲੋ ਮਿਤੀ 04-10-2022 ਰਾਹੀ ਤਿਆਰ ਕੀਤੀ ਗਈ ਸੀਨੀਆਰਤਾ ਸੂਚੀ ਦੀ ਪ੍ਰਵਾਨਗੀ ਲੈਣ ਬਾਰੇ।**<br><br>ਰਿਪੋਰਟ ਅਮਲਾ ਸਾਖਾ ਕਿ ਵਿਸ਼ੇ ਸਬੰਧੀ ਨਗਰ ਨਿਗਮ ਵੱਲੋ ਪੰਪ ਓਪਰੇਟਰਾਂ/ਸਹਾਇਕ ਪੰਪ ਓਪਰੇਟਰਾਂ ਦੀ ਮਿਤੀ 21-06-2017 ਨੂੰ ਜਾਰੀ ਕੀਤੀ ਗਈ ਅੰਤਿਮ ਸੀਨੀਆਰਤਾ ਸੂਚੀ ਨੂੰ ਇਸ ਸੀਨੀਆਰਤਾ ਨਾਲ ਸਬੰਧਤ 3 ਕਰਮਚਾਰੀਆਂ (ਸ੍ਰੀ ਰਜਿੰਦਰ ਸਿੰਘ, ਸ੍ਰੀ ਧਰਮਪਾਲ ਅਤੇ ਸ੍ਰੀ ਜ਼ਸਪਾਲ ਪੁੱਤਰ ਪ੍ਰਤਾਮ ਸਿੰਘ, ਸਹਾਇਕ ਪੰਪ ਓਪਰੇਟਰਾਂ) ਵੱਲੋ ਮਾਨਯੋਗ ਹਾਈਕੋਰਟ ਵਿਖੇ ਚੈਲੇਜ਼ ਕਰਨ ਅਤੇ 1 ਕਰਮਚਾਰੀ (ਸ੍ਰੀ ਬਲਬੀਰ ਸਿੰਘ ਪੁੱਤਰ ਸਾਧੂ ਸਿੰਘ) ਵੱਲੋ ਮਾਨਯੋਗ ਨੈਸ਼ਨਲ ਕਮਿਸ਼ਨ ਫਾਰ ਸ਼ਡਿਊਲਡ ਕਾਸਟ, ਨਵੀ ਦਿੱਲੀ ਵਿਖੇ ਸ਼ਿਕਾਇਤ ਦਾਇਰ ਕਰਨ ਕਰਕੇ ਇਸ ਕੇਸ ਦਾ ਨਿਪਟਾਰਾ ਕਰਨ ਲਈ ਸ੍ਰੀਮਤੀ ਅਨੂੰ ਚਤਰਥ, ਸੀਨੀਅਰ ਐਡਵੋਕੇਟ ਜੀ ਵੱਲੋ ਲੀਗਲ ਰਾਏ ਮੰਗੀ ਗਈ, ਜਿਨ੍ਹਾਂ ਵੱਲੋ ਮਿਤੀ 07-03-2022 ਰਾਹੀ ਦਿੱਤੀ ਗਈ ਲੀਗਲ ਰਾਏ ਨੂੰ ਨਗਰ ਨਿਗਮ ਵੱਲੋ ਆਪਣੇ ਮਤਾ ਨੰ: 117 ਮਿਤੀ 21-03-2022 ਅਤੇ ਸਰਕਾਰ ਦੇ ਪੱਤਰ ਮਿਤੀ 18-04-2022 ਰਾਹੀ ਪ੍ਰਵਾਨ ਕੀਤਾ ਗਿਆ।<br>ਜਿਸ ਉਪਰੰਤ ਮਾਨਯੋਗ ਕਮਿਸ਼ਨਰ, ਨਗਰ ਨਿਗਮ ਜੀ ਵੱਲੋ ਹੁਕਮ ਮਿਤੀ 01-06-2022 ਰਾਹੀ ਅਧਿਕਾਰੀਆਂ/ਕਰਮਚਾਰੀਆਂ ਦੀ ਕਮੇਟੀ ਦਾ ਗਠਨ ਕੀਤਾ ਗਿਆ ਸੀ ਅਤੇ ਕਮੇਟੀ ਵੱਲੋ ਮਿਤੀ 06-06-2022 ਰਾਹੀ ਦਿੱਤੀ ਗਈ ਰਿਪੋਰਟ ਦੀ ਰੋਸ਼ਨੀ ਵਿੱਚ ਨਗਰ ਨਿਗਮ ਵੱਲੋ ਆਪਣੇ ਪੱਤਰ ਨੰ: 4207 ਮਿਤੀ 10-06-2022 ਰਾਹੀ ਪੰਪ ਓਪਰੇਟਰਾਂ/ਸਹਾਇਕ ਪੰਪ ਓਪਰੇਟਰਾਂ ਦੀ ਟੈਨਟੇਟਿਵ ਸੀਨੀਆਰਤਾ ਸੂਚੀ ਜਾਰੀ ਕੀਤੀ ਗਈ। ਇਸ ਉਪਰੰਤ ਇਸ ਸੀਨੀਆਰਤਾ ਸੂਚੀ ਤੇ ਕੁੱਲ 8 ਕਰਮਚਾਰੀਆਂ ਵੱਲੋ ਇਤਰਾਜ ਦਿੱਤੇ ਗਏ। ਇਨ੍ਹਾਂ ਇਤਰਾਜਾਂ ਦਾ ਨਿਪਟਾਰਾ ਕਰਨ ਅਤੇ ਅੰਤਿਮ ਸੀਨੀਆਰਤਾ ਸੂਚੀ ਤਿਆਰ | **ਰੂਲਾਂ ਅਨੁਸਾਰ ਸਰਬ-ਸੰਮਤੀ ਨਾਲ ਪ੍ਰਵਾਨ ਹੈ।** |

| | | | | | |
|---|---|---|---|---|---|
| | | | ਕਰਨ ਲਈ ਕਮਿਸ਼ਨਰ, ਨਗਰ ਨਿਗਮ ਜੀ ਵੱਲੋ ਹੁਕਮ ਮਿਤੀ 06-09-2022 ਰਾਹੀ ਅਧਿਕਾਰੀਆਂ/ਕਰਮਚਾਰੀਆਂ ਦੀ ਕਮੇਟੀ ਦਾ ਗਠਨ ਕੀਤਾ ਗਿਆ ਅਤੇ ਕਮੇਟੀ ਵੱਲੋ ਮਿਤੀ 04-10-2022 ਰਾਹੀ ਹੇਠ ਲਿਖੇ ਅਨੁਸਾਰ ਆਪਣੀ ਰਿਪੋਰਟ ਮਾਨਯੋਗ ਕਮਿਸ਼ਨਰ, ਨਗਰ ਨਿਗਮ ਜੀ ਨੂੰ ਸਬਮਿਟ ਕੀਤੀ ਗਈ।<br><br>ਨਗਰ ਨਿਗਮ ਵੱਲੋ ਪੰਪ ਅਪਰੇਟਰਾਂ/ਸਹਾਇਕ ਪੰਪ ਅਪਰੇਟਾਂ ਦੀ ਮਿਤੀ 21.06.2017 ਨੂੰ ਜਾਰੀ ਕੀਤੀ ਗਈ ਅੰਤਿਮ ਸੀਨੀਆਰਤਾ ਸੂਚੀ ਨੂੰ ਨਗਰ ਨਿਗਮ ਦੇ ਮਤਾ ਨੰ: 117 ਮਿਤੀ 21.03.2022 ਵਿੱਚ ਲਏ ਗਏ ਫੈਸਲੇ ਦੀ ਰੋਸ਼ਨੀ ਵਿੱਚ ਸੋਧ ਕਰਕੇ ਇਸ ਦਫ਼ਤਰ ਦੇ ਪੱਤਰ ਨੰ: 4207 ਮਿਤੀ 10.06.2022 ਰਾਹੀ Tentative ਸੀਨੀਆਰਤਾ ਸੂਚੀ ਜਾਰੀ ਕੀਤੀ ਗਈ ਅਤੇ ਸਬੰਧਤ ਕਰਮਚਾਰੀਆਂ ਨੂੰ 21 ਦਿਨਾਂ ਦਾ ਸਮਾਂ ਦਿੰਦੇ ਹੋਏ ਇਤਰਾਜ/ਸੁਝਾਅ ਮੰਗੇ ਗਏ। ਜਿਸ ਉਪਰੰਤ ਇਸ ਟੈਨਟੇਟਿਵ ਸੀਨੀਆਰਤਾ ਸੂਚੀ ਤੇ ਹੇਠ ਲਿਖੇ 8 ਕਰਮਚਾਰੀਆਂ ਵੱਲੋ ਇਤਰਾਜ ਦਿੱਤੇ ਗਏ।<br><br>1. ਸ੍ਰੀ ਧਰਮਪਾਲ, ਸਹਾਇਕ ਪੰਪ ਓਪਰੇਟਰ (ਰਿਟਾ:), ਨਗਰ ਨਿਗਮ ਐਸ.ਏ.ਐਸ ਨਗਰ।<br>2. ਸ੍ਰੀ ਰਜਿੰਦਰ ਸਿੰਘ, ਸਹਾਇਕ ਪੰਪ ਓਪਰੇਟਰ (ਰਿਟਾ:), ਨਗਰ ਨਿਗਮ ਐਸ.ਏ.ਐਸ ਨਗਰ।<br>3. ਸ੍ਰੀ ਜਰਨੈਲ ਸਿੰਘ, ਪੰਪ ਡਰਾਇਵਰ (ਰਿਟਾ:), ਨਗਰ ਨਿਗਮ ਐਸ.ਏ.ਐਸ ਨਗਰ।<br>4. ਸ੍ਰੀ ਰਘਬੀਰ ਸਿੰਘ, ਪੰਪ ਓਪਰੇਟਰ (ਰਿਟਾ:), ਨਗਰ ਨਿਗਮ ਐਸ.ਏ.ਐਸ ਨਗਰ।<br>5. ਸ੍ਰੀ ਜ਼ਸਬੀਰ ਸਿੰਘ, ਪੰਪ ਓਪਰੇਟਰ (ਰਿਟਾ:), ਨਗਰ ਨਿਗਮ ਐਸ.ਏ.ਐਸ ਨਗਰ।<br>6. ਸ੍ਰੀ ਬਲਬੀਰ ਸਿੰਘ, ਪੰਪ ਓਪਰੇਟਰ (ਰਿਟਾ:), ਨਗਰ ਨਿਗਮ ਐਸ.ਏ.ਐਸ ਨਗਰ।<br>7. ਸ੍ਰੀ ਜ਼ਸਪਾਲ ਸਿੰਘ, ਸਹਾਇਕ ਪੰਪ ਓਪਰੇਟਰ (ਰਿਟਾ:), ਨਗਰ ਨਿਗਮ ਐਸ.ਏ.ਐਸ ਨਗਰ।<br>8. ਸ੍ਰੀ ਨਰੇਸ਼ ਕੁਮਾਰ, ਜੂਨੀਅਰ ਟੈਕਨੀਸ਼ੀਅਨ, ਨਗਰ ਨਿਗਮ ਐਸ.ਏ.ਐਸ ਨਗਰ।<br><br>ਇਸ ਉਪਰੰਤ ਇਨ੍ਹਾਂ 8 ਇਤਰਾਜਾਂ ਦਾ ਨਿਪਟਾਰਾ ਕਰਨ ਅਤੇ ਅੰਤਿਮ ਸੀਨੀਆਰਤਾ ਸੂਚੀ ਤਿਆਰ ਕਰਨ ਲਈ ਮਾਨਯੋਗ ਕਮਿਸ਼ਨਰ, ਨਗਰ ਨਿਗਮ ਜੀ ਵੱਲੋ ਇਸ ਦਫ਼ਤਰ ਦੇ ਹੁਕਮ ਨੰ: 03-09 ਮਿਤੀ 06-09-2022 ਰਾਹੀ ਹੇਠ ਲਿਖੀ ਅਧਿਕਾਰੀਆਂ/ਕਰਮਚਾਰੀਆਂ ਦੀ ਕਮੇਟੀ ਦਾ ਗਠਨ ਕੀਤਾ ਗਿਆ ਹੈ।<br><br>1. ਸ੍ਰੀ ਵਰਿੰਦਰ ਕੁਮਾਰ ਜੈਨ, ਸਹਾਇਕ ਕਮਿਸ਼ਨਰ।<br>2. ਸ੍ਰੀ ਸੰਦੀਪ ਕੁਮਾਰ, ਉਪ ਕੰਟਰੋਲਰ (ਵਿੱਤ ਅਤੇ ਲੇਖਾ)। | |

3. ਸ੍ਰੀ ਅਤਵਾਰ ਸਿੰਘ, ਸੁਪਰਡੰਟ (ਅਮਲਾ)।
4. ਸ੍ਰੀਮਤੀ ਪੂਨਮ ਸ਼ਰਮਾ, ਸੀਨੀਅਰ ਸਹਾਇਕ (ਅਮਲਾ)।
5. ਸ੍ਰੀ ਪਰਮਵੀਰ ਸਿੰਘ ਢੀ_ਡਸਾ, ਲੀਗਲ ਸਹਾਇਕ।

ਇਨ੍ਹਾਂ ਹੁਕਮਾਂ ਦੀ ਪਾਲਣਾ ਕਰਦੇ ਹੋਏ ਕਮੇਟੀ ਵੱਲੋ ਇਸ ਮਾਮਲੇ ਤੇ ਵਿਚਾਰ ਵਟਾਂਦਰਾ ਕਰਨ ਲਈ ਮਿਤੀ 15-09-2022 ਨੂੰ ਸਮਾਂ ਸਵੇਰੇ 11.00 ਵਜੇ ਮੀਟਿੰਗ ਨਿਸ਼ਚਿਤ ਕੀਤੀ ਗਈ। ਜ਼ੋ ਕਿ ਮਿਤੀ 20-09-2022 ਨੂੰ ਆਈ.ਐਸ ਬਿੰਦਰਾ ਸਟੇਡਿਅਮ, ਸੈਕਟਰ 63, ਮੋਹਾਲੀ ਵਿਖੇ ਹੋਣ ਵਾਲੇ ਟੀ-20 ਅੰਤਰਰਾਸ਼ਟਰੀਅ ਕ੍ਰਿਕੇਟ ਮੈਚ ਕਾਰਨ ਮੁੱਲਤਵੀ ਕਰ ਦਿੱਤੀ ਗਈ ਅਤੇ ਅਗਲੀ ਮੀਟਿੰਗ ਮਿਤੀ 22-09-2022 ਸਮਾਂ 11.00 ਵਜੇ ਨਿਸ਼ਚਿਤ ਕੀਤੀ ਗਈ। ਇਸ ਉਪਰੰਤ ਮਿਤੀ 22-09-2022 ਨੂੰ ਨਿਸ਼ਚਿਤ ਕੀਤੀ ਗਈ ਮੀਟਿੰਗ ਵਿੱਚ ਉਕਤ 8 ਕਰਮਚਾਰੀਆਂ ਨੂੰ ਮਿਤੀ 27-09-2022 ਅਤੇ ਮਿਤੀ 28-09-2022 ਨੂੰ ਨਿਜੀ ਸੁਣਵਾਈ ਦਾ ਮੌਕਾ ਦੇਣ ਦਾ ਫੈਸਲਾ ਕੀਤਾ ਗਿਆ ਅਤੇ ਉਕਤ 8 ਕਰਮਚਾਰੀਆਂ ਨੂੰ ਦਫ਼ਤਰ ਦੇ ਪੱਤਰ ਨੰ: 5043-5055 ਮਿਤੀ 22-09-2022 ਰਾਹੀ ਮਿਤੀ 27-09-2022 ਅਤੇ ਮਿਤੀ 28-09-2022 ਨੂੰ ਨਿਜੀ ਸੁਣਵਾਈ ਦਾ ਮੌਕਾ ਦਿੰਦੇ ਹੋਏ ਲਿਖਿਆ ਗਿਆ ਸੀ ਕਿ ਉਨ੍ਹਾਂ ਵੱਲੋ ਦਿੱਤੇ ਗਏ ਇਤਰਾਜਾਂ ਨਾਲ ਸਬੰਧਤ ਸਬੂਤ/ਦਸਤਾਵੇਜ਼ ਨਾਲ ਲੈ ਕੇ ਨਿਜੀ ਸੁਣਵਾਈ ਵਿੱਚ ਸਮੇ ਸਿਰ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ ਅਤੇ ਜੇਕਰ ਇਸ ਨਿਜੀ ਸੁਣਵਾਈ ਤੋ ਬਾਅਦ ਆਪ ਦਾ ਇਸ ਟੈਨਟੇਟਿਵ ਸੀਨੀਆਰਤਾ ਸੂਚੀ ਸਬੰਧੀ ਕੋਈ ਪੱਤਰ/ਦਸਤਾਵੇਜ਼ ਨਗਰ ਨਿਗਮ ਨੂੰ ਪ੍ਰਾਪਤ ਹੁੰਦਾ ਹੈ ਤਾਂ ਨਗਰ ਨਿਗਮ ਵੱਲੋ ਉਨ੍ਹਾਂ ਪੱਤਰਾਂ ਤੇ ਕੋਈ ਵਿਚਾਰ/ਕਾਰਵਾਈ ਨਹੀ ਕੀਤੀ ਜਾਵੇਗੀ ਅਤੇ ਅੰਤਿਮ ਸੀਨੀਆਰਤਾ ਸੂਚੀ ਜਾਰੀ ਕਰਨ ਲਈ ਨਗਰ ਨਿਗਮ ਵੱਲੋ ਅਗਲੇਰੀ ਕਾਰਵਾਈ ਕਰ ਲਈ ਜਾਵੇਗੀ। ਇਸ ਲਈ ਇਸ ਸੁਣਵਾਈ ਦੀ ਮਿਤੀ ਨੂੰ ਆਪਣਾ ਪੱਖ ਰੱਖਣ ਲਈ ਅੰਤਿਮ ਮੌਕਾ ਸਮਝਿਆ ਜਾਵੇ।

ਇਸ ਉਪਰੰਤ ਸਹਾਇਕ ਕਮਿਸ਼ਨਰ, ਨਗਰ ਨਿਗਮ ਜੀ ਦੀ ਮਿਤੀ 28-09-2022 ਨੂੰ ਦਿੱਲੀ ਵਿਖੇ ਜਰੂਰੀ ਮੀਟਿੰਗ ਹੋਣ ਕਾਰਨ ਇਨ੍ਹਾਂ 8 ਕਰਮਚਾਰੀਆਂ ਨੂੰ ਮਿਤੀ 27-09-2022 ਨੂੰ ਹੀ ਨਿਜੀ ਸੁਣਵਾਈ ਲਈ ਟੈਲੀਫੋਨ ਰਾਹੀ ਬੁਲਾਇਆ ਗਿਆ ਅਤੇ ਇਸ ਨਿਜੀ ਸੁਣਵਾਈ ਵਿੱਚ ਹਾਜ਼ਰੀ ਰਿਪੋਰਟ (**ਝੰਡੀ 'ੳ'**) ਅਨੁਸਾਰ ਕੁੱਲ 7 ਕਰਮਚਾਰੀ ਮਿਤੀ 27-09-2022 ਨੂੰ ਹਾਜ਼ਰ ਹੋਏ ਅਤੇ 1 ਕਰਮਚਾਰੀ (ਸ੍ਰੀ ਨਰੇਸ਼ ਕੁਮਾਰ) ਵੱਲੋ ਆਪਣੇ ਪੱਤਰ ਮਿਤੀ 27-09-2022 ਰਾਹੀ ਸੂਚਿਤ ਕੀਤਾ ਗਿਆ ਕਿ ਉਸਦੇ ਸਕੇ ਭਤੀਜੇ ਦਾ ਮਿਤੀ 28-09-2022 ਨੂੰ ਵਿਆਹ ਹੈ। ਜਿਸ ਕਰਕੇ ਉਹ ਮਿਤੀ 28-09-2022 ਨੂੰ ਹਾਜ਼ਰ ਨਹੀ ਹੋ ਸਕਦਾ। ਇਸ ਲਈ ਉਸਨੂੰ ਕਿਸੇ ਹੋਰ ਦਿਨ ਬੁਲਾ ਲਿਆ ਜਾਵੇ।

ਇਸ ਉਪਰੰਤ ਕਮੇਟੀ ਵੱਲੋ ਇਨ੍ਹਾਂ 8 ਕਰਮਚਾਰੀਆਂ ਨੂੰ ਨਿਜੀ ਸੁਣਵਾਈ ਦੇਣ ਉਪਰੰਤ ਹੇਠ ਲਿਖੇ ਅਨੁਸਾਰ ਇਤਰਾਜਾਂ ਦਾ ਨਿਪਟਾਰਾ ਕਰਨ ਅਤੇ **ਝੰਡੀ 'ੳ'** ਅਨੁਸਾਰ ਅੰਤਿਮ ਸੀਨੀਆਰਤਾ ਸੂਚੀ ਜਾਰੀ ਕਰਨ ਲਈ ਆਪਣੀ ਸਹਿਮਤੀ ਪ੍ਰਗਟ ਕਰਦੀ ਹੈ।

| ਲੜੀ ਨੰ | ਕਰਮਚਾਰੀ ਦਾ ਨਾਂ/ਅਹੁੱਦਾ/ ਦਰਖ਼ਾਸਤ ਦੀ ਮਿਤੀ | ਇਤਰਾਜ ਦਾ ਵੇਰਵਾ | ਕਮੇਟੀ ਦੀ ਤਜਵੀਜ਼ |
|---|---|---|---|
| | ਸਰਵ ਸ੍ਰੀ | | |

| | | | | | | | |
|---|---|---|---|---|---|---|---|
| | | | 1 | ਜਰਨੈਲ ਸਿੰਘ, ਪੰਪ ਡਰਾਇਵਰ (ਰਿਟਾਇਰਡ) ਦਰਖ਼ਾਸਤ ਦੀ ਮਿਤੀ 21.06.2022 ਟੈਨਟੇਟਿਵ ਸੀਨੀਆਤਰਾ ਸੂਚੀ ਦਾ ਲੜੀ ਨੰ: 2 | 1. ਕੈਟਾਗਰੀ ਕਾਲਮ ਨੰ: 11 ਵਿੱਚ ਜਨਰਲ ਲਿਖਿਆ ਹੈ ਜਦ ਕਿ ਮੇਰੀ ਸਰਵਿਸ ਬੁੱਕ ਵਿੱਚ ਬੀ.ਸੀ. ਦਾ ਸਰਟੀਫਿਕੇਟ ਹੈ।<br><br>2. ਵਿਦਿਅਕ ਯੋਗਤਾ ਕਾਲਮ ਨੰ: 6 ਵਿੱਚ ਸਿਰਫ ਮੈਟਰਿਕ ਹੀ ਲਿਖਿਆ ਹੈ। ਜਦ ਕਿ ਆਈ.ਟੀ.ਆਈ ਦਾ ਸਰਟੀਫਿਕੇਟ ਨਾਲ ਨੱਥੀ ਹੈ।<br><br>3. ਪੰਜਾਬ ਟਿਊਬਵੈਲ ਕਾਰਪੋਰੇਸ਼ਨ ਵਿੱਚੋ 2 ਮਹੀਨੇ ਦਾ ਟਿਊਬਵੈਲ ਉਪਰੇਟਰ ਦੀ ਟਰੇਨਿੰਗ ਕੀਤੀ ਹੈ।<br><br>4. ਯੂ.ਪੀ. ਐਗਰੋ ਟਰੇਨਿੰਗ ਐਡ ਬਾਟਸਿੰਗ ਫੈਕਟਰੀ ਵਿੱਚ ਟਿਊਬਵੈਲ ਉਪਰੇਟਰ/ਮਸ਼ੀਨ ਅਪਰੇਟਰ ਦਾ ਸਰਟੀਫਿਕੇਟ ਹੈ। | 1. ਲੜੀ ਨੰ: 1 ਅਤੇ 2 ਸਬੰਧੀ ਲਿਖਿਆ ਜਾਂਦਾ ਹੈ ਕਿ ਇਸ ਸਬੰਧੀ ਝੰਡੀ 'ੳ' ਅਨੁਸਾਰ ਜਾਰੀ ਕੀਤੀ ਜਾਣ ਵਾਲੀ ਅੰਤਿਮ ਸੀਨੀਆਰਤਾ ਸੂਚੀ ਵਿੱਚ ਬੀ.ਸੀ ਕੈਟਾਗਿਰੀ ਅਤੇ ਵਿਦਿਅਕ ਯੋਗਤਾ ਆਈ.ਟੀ.ਆਈ ਦਰਜ ਕਰ ਦਿੱਤੀ ਗਈ ਹੈ।<br><br>2. ਲੜੀ ਨੰ: 3 ਅਤੇ 4 ਸਬੰਧੀ ਲਿਖਿਆ ਜਾਂਦਾ ਹੈ ਕਿ ਇਸ ਕਰਮਚਾਰੀ ਵੱਲੋ ਇਹ 2 ਟ੍ਰੇਨਿੰਗਾਂ ਲਈਆਂ ਗਈਆਂ ਹਨ। ਜ਼ੋ ਕਿ ਜਾਰੀ ਕੀਤੀ ਜਾਣ ਵਾਲੀ ਅੰਤਿਮ ਸੀਨੀਆਰਤਾ ਸੂਚੀ ਵਿੱਚ ਦਰਜ ਕਰਨ ਯੋਗ ਨਹੀ ਹੈ। | | |
| | | | 2 | ਸ੍ਰੀ ਬਲਬੀਰ ਸਿੰਘ, ਪੰਪ ਉਪਰੇਟਰ, (ਰਿਟਾਇਰਡ) ਦਰਖ਼ਾਸਤ ਦੀ ਮਿਤੀ 22.06.2022 ਟੈਨਟੇਟਿਵ ਸੀਨੀਆਤਰਾ ਸੂਚੀ ਦਾ ਲੜੀ ਨੰ: 6 | 1. ਮੈ ਮੈਟਰਿਕ ਪਾਸ ਹਾਂ। ਮਿਤੀ 10.10.1978 ਨੂੰ ਮੇਰੀ ਪੀ.ਐਸ.ਆਈ.ਈ.ਸੀ ਵਿੱਚ ਨਿਯੁਕਤੀ ਹੋਈ ਸੀ ਅਤੇ ਮੈ ਮਿਤੀ 31.01.1992 ਨੂੰ ਰੈਗੂਲਰ ਹੋਇਆ ਸੀ ਅਤੇ ਮਿਤੀ 19.11.1992 ਨੂੰ ਨਗਰ ਕੌਸਲ ਮੋਹਾਲੀ ਵਿੱਚ ਬਦਲੀ ਰਾਹੀ ਹਾਜ਼ਰ ਹੋਇਆ ਸੀ। ਮਿਤੀ 21.06.2017 ਨੂੰ ਜਾਰੀ ਕੀਤੀ ਗਈ ਅੰਤਮ ਸੀਨੀਆਰਤਾ ਸੂਚੀ (ਕਾਪੀ ਨੱਥੀ ਹੈ) ਵਿੱਚ ਮੇਰਾ ਨਾਮ ਲੜੀ ਨੰ: 4 ਤੇ ਦਰਸ਼ਾਇਆ ਗਿਆ ਸੀ ਅਤੇ ਵਿਸ਼ੇਸ਼ ਕਥਨਾਂ ਦੇ ਕਾਲਮ ਵਿੱਚ ਲਿਖਿਆ | ਲੜੀ ਨੰ: 1 ਸਬੰਧੀ ਦਿੱਤੇ ਇਤਰਾਜ ਬਾਰੇ ਲਿਖਿਆ ਜਾਂਦਾ ਹੈ ਕਿ ਮਿਤੀ 10-06-2022 ਰਾਹੀ ਜ਼ੋ ਟੈਨਟੇਟਿਵ ਸੀਨੀਆਰਤਾ ਸੂਚੀ ਜਾਰੀ ਕੀਤੀ ਗਈ ਹੈ, ਉਹ ਸ੍ਰੀਮਤੀ ਅਨੂੰ ਚਤਰੱਥ, ਸੀਨੀਅਰ ਐਡਵੋਕੇਟ ਜੀ ਵੱਲੋ ਦਿੱਤੀ ਗਈ ਲੀਗਲ | | |

| | | | | | | | | | |
|---|---|---|---|---|---|---|---|---|---|
| | | | | | | ਗਿਆ ਸੀ ਕਿ ਦਫ਼ਤਰੀ ਹੁਕਮ ਨੰ: 193 ਮਿਤੀ 31.03.2008 ਰਾਹੀ ਜੂਨੀਅਰ ਟੈਕਨੀਸ਼ੀਅਨ ਗ੍ਰੇਡ-4 ਬਣਾਇਆ ਗਿਆ ਹੈ। ਇਸ ਸੀਨੀਆਰਤਾ ਸੂਚੀ ਅਤੇ ਹੁਕਮਾਂ ਮੁਤਾਬਕ ਹੀ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਸੀ। ਪਰ ਹੁਣ ਫਿਰ ਪਹਿਲਾਂ ਨਗਰ ਨਿਗਮ ਹਾਊਸ ਵੱਲੋ ਮਤਾ ਪਾਸ ਕਰਵਾਕੇ ਨਿਯਮਾਂ ਦੇ ਉਲਟ ਦੁਬਾਰਾ ਅਨਿਯਮਤ ਤਰੀਕੇ ਨਾਲ ਸੀਨੀਆਰਤਾ ਸੂਚੀ ਤਿਆਰ ਕਰਕੇ ਮੇਰੀ ਸੀਨੀਆਰਤਾ ਡਿਸਟਰਕਬ ਕੀਤੀ ਗਈ ਹੈ ਤਾਂ ਜ਼ੋ ਮੇਰੇ ਪੈਨਸ਼ਨ ਨਿਸ਼ਚਿਤ ਕਰਨ ਦੇ ਚੱਲ ਰਹੇ ਕੇਸ ਨੂੰ ਕਮਜੋਰ ਕਰਕੇ ਇੱਕ ਅਨੂਸੂਚਿਤ ਜਾਤੀ ਦੇ ਕਰਮਚਾਰੀ ਨਾਲ ਸਰਾਸਰ ਧੱਕਾ ਕੀਤਾ ਜਾ ਰਿਹਾ ਹੈ।<br><br>2. ਇਹ ਵੀ ਦੱਸਿਆ ਜਾਂਦਾ ਹੈ ਕਿ ਨਗਰ ਕੌਂਸਲ ਐਸ.ਏ.ਐਸ ਨਗਰ ਨੇ ਸਿਵਲ ਰਿਟ ਪਟੀ੍ਸਨ ਨੰ: 20721 ਆਫ਼ 2006 ਰਜਿੰਦਰ ਸਿੰਘ ਐਂਡ ਅਦਰਜ਼ ਬਨਾਮ ਸਟੇਟ ਆਫ਼ ਪੰਜਾਬ ਐਂਡ ਹਰਿਆਣਾਂ ਹਾਈਕੋਰਟ ਵੱਲੋ ਹੁਕਮਾਂ ਦੇ ਅਨੁਸਾਰ ਮਤਾ ਨੰ: 19/181 ਮਿਤੀ 27.06.2007 ਪਾਕੇ ਪੱਤਰ ਨੰ: 3038-3068 ਮਿਤੀ 16.08.2007 ਰਾਹੀ ਸਪੀਕਿੰਗ ਆਰਡਰ ਪਾਸ ਕੀਤੇ ਗਏ ਸਨ ਜਿਸ ਵਿੱਚ ਡਾਇਰੈਕਟਰ, ਸਥਾਨਕ ਸਰਕਾਰ ਜੀ ਦੇ ਆਦੇਸ਼ਾਂ ਮੁਤਾਬਕ ਪ੍ਰੀਖਕ ਅਧਿਕਾਰੀ ਸਥਾਨਕ ਫੰਡ ਪੰਜਾਬ ਸਰਕਾਰ ਵੱਲੋ ਪੱਤਰ ਮਿਤੀ 13.03.2008 ਰਾਹੀ ਦਿੱਤੀ ਗਈ ਪ੍ਰਵਾਨਗੀ ਅਨੁਸਾਰ ਤੀਜੇ ਪੇ ਕਮਿਸ਼ਨ ਦੇ ਚੈਪਟਰ 26 ਅਨੁਸਾਰ ਵੱਖ-ਵੱਖ ਕੈਟਾਗਿਰੀਆਂ ਨੂੰ ਸੀਨੀਆਰਤਾ ਸੂਚੀ, ਵਿਦਿਅਕ ਯੋਗਤਾ ਅਨੁਸਾਰ ਸੋਧੇ ਹੋਏ ਪੇ ਸਕੇਲ ਦਿੱਤੇ ਗਏ ਸਨ। (ਸੇਵਾ ਪੱਤਰੀ ਦੇ ਪੰਨਾ 14 ਦੀ ਕਾਪੀ ਨੱਥੀ ਹੈ) ਨਗਰ ਕੌਂਸਲ ਮੋਹਾਲੀ ਵੱਲੋ ਮਿਤੀ 26.03.2008 (ਕਾਪੀ | ਰਾਏ ਮਿਤੀ 07-03-2022, ਨਗਰ ਨਿਗਮ ਦੇ ਮਤਾ ਨੰ: 117 ਮਿਤੀ 21-03-2022 ਅਤੇ ਸਰਕਾਰ ਦੇ ਪੱਤਰ ਮਿਤੀ 18-04-2022 ਅਤੇ ਕਮਿਸ਼ਨਰ, ਨਗਰ ਨਿਗਮ ਜੀ ਵੱਲੋ ਮਿਤੀ 01-06-2022 ਰਾਹੀ ਬਣਾਈ ਗਈ ਕਮੇਟੀ ਦੀ ਰਿਪੋਰਟ ਮਿਤੀ 06-06-2022 ਰਾਹੀ ਰੈਗੂਲਰ ਹੋਣ ਦੀ ਮਿਤੀ/ਜਨਮ ਦੀ ਮਿਤੀ ਦੇ ਅਧਾਰ ਤੇ ਤਿਆਰ ਕੀਤੀ ਗਈ ਹੈ।<br><br>ਲੜੀ ਨੰ: 2 ਸਬੰਧੀ ਲਿਖਿਆ ਜਾਂਦਾ ਹੈ ਸਰਵਿਸ ਬੁੱਕ ਦੇ ਰਿਕਾਰਡ ਅਨੁਸਾਰ ਇਸ ਕਰਚਮਾਰੀ ਨੂੰ ਸਿਵਲ ਰਿੱਟ ਪਟੀਸ਼ਨ ਨੰ: 20721 ਆਫ਼ 2006 ਰਜਿੰਦਰ ਸਿੰਘ ਬਨਾਮ ਪੰਜਾਬ ਸਰਕਾਰ ਅਤੇ ਹੋਰ ਦੇ ਕੇਸ ਵਿੱਚ ਦਫ਼ਤਰੀ ਹੁਕਮ 193 ਮਿਤੀ 31-03-2008 ਰਾਹੀ ਮਿਤੀ 19-11-1994 ਤੋਂ ਬਤੌਰ ਟੈਕਨੀਸ਼ਿਅਨ ਗ੍ਰੇਡ-4 ਪਲੇਸ ਕਰਕੇ ਤਨਖ਼ਾਹ ਸਕੇਲ 1025-1800 | | |

<table>
<tr><td></td><td></td><td></td><td></td><td></td><td></td><td>ਨੱਥੀ) ਨੂੰ ਜਾਰੀ ਕੀਤੇ ਗਏ ਹੁਕਮਾਂ ਦੇ ਅਨੁਸਾਰ ਹੇਠ ਲਿਖੇ ਪੰਪ ਡਰਾਇਵਰਾਂ ਨੂੰ ਨਵੇ ਪੱਦ ਨਾਲ ਹੇਠ ਲਿਖੀ ਸੀਨੀਆਰਤਾ ਅਨੁਸਾਰ ਪੇ ਸਕੇਲ ਦਿੱਤੇ ਗਏ ਸਨ।
<table>
<tr><th>ਲੜੀ ਨੰ</th><th>ਕਰਮਚਾਰੀ ਦਾ ਨਾਮ ਅਤੇ ਅਹੁੱਦਾ</th><th>ਰਿਟਾ: ਸਕੇਲ</th><th>ਡਿਊ ਡੇਟ</th><th>ਨਵੇਂ ਪੱਦ ਦਾ ਨਾਮ</th></tr>
<tr><td>1</td><td>ਸ੍ਰੀ ਨੰਦਨ ਰਾਮ, ਪੰਪ ਡਰਾਈਵਰ</td><td>1025–1800</td><td>19.11.1994</td><td>ਟੈਕਨੀਸ਼ੀਅਨ ਗ੍ਰੇਡ–4</td></tr>
<tr><td>2</td><td>ਸ੍ਰੀ ਜਰਨੈਲ ਸਿੰਘ, ਪੰਪ ਡਰਾਈਵਰ</td><td>1025–1800</td><td>19.11.1994</td><td>ਟੈਕਨੀਸ਼ੀਅਨ ਗ੍ਰੇਡ–4</td></tr>
<tr><td>3</td><td>ਸ੍ਰੀ ਬਲਬੀਰ ਸਿੰਘ, ਪੰਪ ਡਰਾਈਵਰ</td><td>1025–1800</td><td>19.11.1994</td><td>ਟੈਕਨੀਸ਼ੀਅਨ</td></tr>
</table></td><td>ਦਿੱਤਾ ਜਾ ਚੁੱਕਾ ਹੈ। ਇਸ ਤਰ੍ਹਾਂ ਝੰਡੀ 'ਓ' ਅਨੁਸਾਰ ਜਾਰੀ ਕੀਤੀ ਜਾਣ ਵਾਲੀ ਅੰਤਿਮ ਸੀਨੀਆਰਤਾ ਸੂਚੀ ਵਿੱਚ ਇਸ ਕਰਮਚਾਰੀ ਨੂੰ ਲੜੀ ਨੰ: 4 ਤੇ ਦਰਜ ਕਰਨਾ ਬਣਦਾ ਹੈ। ਇਸ ਤਰ੍ਹਾਂ ਲੜੀ ਨੰ: 1 'ਤੇ ਦਰਸ਼ਨ ਸਿੰਘ, ਲੜੀ ਨੰ: 2 'ਤੇ ਜਰਨੈਲ ਸਿੰਘ, ਲੜੀ ਨੰ: 3 'ਤੇ ਨੰਦਨ ਰਾਮ ਅਤੇ ਲੜੀ ਨੰ: 4 'ਤੇ ਸ੍ਰੀ ਬਲਬੀਰ ਸਿੰਘ, ਜਿਨ੍ਹਾਂ ਨੂੰ ਪਹਿਲਾਂ ਹੀ ਟੈਕਨੀਸ਼ੀਅਨ ਗ੍ਰੇਡ–4 ਪਲੇਸ ਕੀਤਾ ਜਾ ਚੁੱਕਾ ਹੈ, ਨੂੰ ਫਿਕਸ ਕੀਤਾ ਜਾਂਦਾ ਹੈ। ਇਸ ਤੋ ਇਲਾਵਾ ਇਹ ਵੀ ਲਿਖਿਆ ਜਾਂਦਾ ਹੈ ਕਿ ਸਰਕਾਰ ਵੱਲੋ ਤਨਖ਼ਾਹ ਕਮਿਸ਼ਨ ਦੀਆਂ ਸਮੇ–ਸਮੇ ਤੇ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਸਾਲ 1993 ਤੋਂ 2022 (ਸਾਲ ਵਾਈਸ) ਤੱਕ ਦੀਆਂ ਸੀਨੀਆਰਤਾ ਸੂਚੀਆਂ ਤਿਆਰ ਕਰਨ ਸਮੇ ਇਸ ਕਰਮਚਾਰੀ ਦੇ ਅਹੁੱਦੇ ਅਤੇ ਸਰਵਿਸ ਲਾਭਾਂ ਬਾਰੇ ਵਿਚਾਰ ਕਰ ਲਿਆ ਜਾਵੇ। ਇਸ ਤੋ ਇਲਾਵਾ</td><td></td><td></td></tr>
</table>

| | | | | |
|---|---|---|---|---|
| | | | | ਗ੍ਰੇਡ-4 |
| 4. | ਸ੍ਰੀ ਦਰਸ਼ਨ ਸਿੰਘ, ਪੰਪ ਡਰਾਈਵਰ | 1025-1800 | 19.11.1994 | ਟੈਕਨੀਸ਼ੀਅਨ ਗ੍ਰੇਡ-4 |
| 5. | ਸ੍ਰੀ ਰਾਜਬੀਰ ਸਿੰਘ, ਪੰਪ ਡਰਾਈਵਰ | 1025-1800 | 19.11.1994 | ਟੈਕਨੀਸ਼ੀਅਨ ਗ੍ਰੇਡ-4 |

3. ਇਸ ਅਨੁਸਾਰ ਤੀਜੇ ਪੇ ਕਮਿਸ਼ਨ ਦੀਆਂ ਸਿਫਾਰਸਾਂ ਦਾ ਲਾਭ ਪੀ.ਐਸ.ਆਈ.ਈ.ਸੀ ਵੱਲੋ ਲਾਭ ਮਿਤੀ 18.11.1992 ਤੱਕ ਦਿੱਤਾ ਜਾਣਾ ਸੀ ਕਿਉ ਕਿ ਇਸ ਸਮੇ ਤੱਕ ਉੱਥੇ ਕੰਮ ਕਰਦੇ ਸੀ ਅਤੇ ਇਸ ਤੋ ਬਾਅਦ ਨਗਰ ਕੌਸਲ ਮੁਹਾਲੀ ਵੱਲੋ ਦਿੱਤਾ ਜਾਣ ਸੀ।

4. ਨਗਰ ਨਿਗਮ ਐਸ.ਏ.ਐਸ ਨਗਰ ਵੱਲੋ ਨਗਰ ਨਿਗਮ ਵਿੱਚ ਕੰਮ ਕਰ ਰਹੇ/ਕੰਮ ਕਰ ਚੁੱਕੇ ਪੰਪ ਅਪਰੇਟਰਾਂ/ਸਹਾਇਕ ਪੰਪ ਅਪਰੇਟਰਾਂ ਦੀ ਮਿਤੀ 21.06.2017 ਦੀ ਅੰਤਮ ਸੀਨੀਆਰਤਾ ਸੂਚੀ ਤਿਆਰ ਕਰਨ ਲਈ ਅੰਤਰਿਮ ਸੀਨੀਆਰਤਾ ਸੂਚੀ ਜਾਰੀ ਕਰਨ ਤੋ ਪਹਿਲਾਂ ਵੀ ਸਮੂਹ ਸਬੰਧਤ ਤੋ

ਇਸ ਕਰਮਚਾਰੀ ਵੱਲੋ ਜ਼ੋ ਪੰਜਾਬ ਤੀਸਰੇ ਪੇਅ ਕਮਿਸ਼ਨ ਦੇ ਚੈਪਟਰ 26 ਦਾ ਜਿਕਰ ਕੀਤਾ ਗਿਆ ਹੈ, ਉਸ ਅਨੁਸਾਰ ਹੀ ਇਸ ਕਰਮਚਾਰੀ ਨੂੰ ਬਣਦੇ ਲਾਭ ਦਿੱਤੇ ਜਾਣਗੇ।

ਲੜੀ ਨੰ: 3 ਸਬੰਧੀ ਲਿਖਿਆ ਜਾਂਦਾ ਹੈ ਕਿ ਪੰਜਾਬ ਤੀਸਰੇ ਪੇਅ ਕਮਿਸ਼ਨ ਦੇ ਚੈਪਟਰ 26 ਰੂਲਾਂ ਅਨੁਸਾਰ ਨਗਰ ਨਿਗਮ ਵੱਲੋ ਬਣਦੇ ਲਾਭ ਦਿੱਤੇ ਜਾਣਗੇ।

ਲੜੀ ਨੰ: 4 ਸਬੰਧੀ ਦਿੱਤੇ ਗਏ ਇਤਰਾਜ ਸਬੰਧੀ ਦੱਸਿਆ ਜਾਂਦਾ ਹੈ ਕਿ ਸੀਨੀਆਰਤਾ ਸੂਚੀ ਮਿਤੀ 21.06.2017 ਤੋ ਇਹ ਸਪਸ਼ਟ ਨਹੀ ਹੋ ਰਿਹਾ ਸੀ ਕਿ ਉਸ ਸਮੇ ਇਹ ਸੀਨੀਆਰਤਾ ਸੂਚੀ ਫਾਇਨਲ ਕਰਨ ਸਮੇ ਕਿਹੜੇ ਮਾਪਦੰਡ ਅਪਨਾਏ ਗਏ ਸਨ। ਪਰੰਤੂ ਹੁਣ ਜ਼ੋ ਸੀਨੀਆਰਤਾ ਸੂਚੀ ਮਿਤੀ 10.06.2022 ਜਾਰੀ ਕੀਤੀ ਗਈ ਹੈ ਉਹ ਸੀਨੀਅਰ

| | | | | | | | | | |
|---|---|---|---|---|---|---|---|---|---|
| | | | | | | ਇਤਰਾਜ ਮੰਗੇ ਗਏ ਸਨ। ਸਬੰਧਤ ਕਰਮਚਾਰੀਆਂ ਵੱਲੋ ਉਸ ਸਮੇ ਪੇਸ਼ ਕੀਤੇ ਗਏ ਇਤਰਾਜ ਵਿਚਾਰਣ ਉਪਰੰਤ ਹੀ ਨਗਰ ਨਿਗਮ ਮੋਹਾਲੀ ਵੱਲੋ ਮਿਤੀ 21.06.2017 ਨੂੰ ਅੰਤਮ ਸੀਨੀਆਰਤਾ ਸੂਚੀ ਜਾਰੀ ਕੀਤੀ ਗਈ ਸੀ। ਜਿਸ ਵਿੱਚ ਮੇਰਾ ਨਾਮ ਸੀਰੀਅਲ ਨੰ: 4 ਤੇ ਸੀ। ਇਸ ਨੂੰ ਠੀਕ ਕੀਤਾ ਜਾਵੇ ਜੀ।<br>ਕਮਿਸ਼ਨਰ, ਨਗਰ ਨਿਗਮ ਵੱਲੋ ਮਿਤੀ 10.06.2022 ਰਾਹੀ ਜਾਰੀ ਕੀਤੀ ਗਈ ਅੰਤਰਿਮ ਸੀਨੀਆਤਰਾ ਸੂਚੀ ਵਿੱਚ ਅਮਰ ਨਾਥ ਜ਼ੋ ਰਿਕਾਰਡ ਮੁਤਾਬਕ ਅਨਪੜ ਹੈ ਨੂੰ ਮੇਰੇ ਤੋ ਉਪਰ ਲੜੀ ਨੰ: 3 ਤੇ ਦਰਸ਼ਾਇਆ ਗਿਆ ਹੈ ਅਤੇ ਸ੍ਰੀ ਜਗਦੀਸ਼ ਚੰਦਰ ਜ਼ੋ ਅੰਡਰ ਮੈਟਰਿਕ ਹੈ ਨੂੰ ਲੜੀ ਨੰ: 5 ਤੇ ਦਰਸ਼ਾਇਆ ਗਿਆ ਹੈ ਅਤੇ ਮੈਨੂੰ ਜ਼ੋ ਮੈਟਰਿਕ ਪਾਸ ਹੈ, ਲੜੀ ਨੰ: 6 ਤੇ ਦਰਸ਼ਾਇਆ ਗਿਆ ਹੈ ਅਤੇ ਇਸ ਦੇ ਕੋਈ ਵੀ ਕਾਰਨ ਵਿਸ਼ੇਸ਼ ਕਥਨ ਵਿੱਚ ਨਹੀ ਲਿਖੇ ਗਏ ਹਨ,ਜਿਸ ਤੋ ਸਪਸ਼ਟ ਹੈ ਕਿ ਨਗਰ ਨਿਗਮ ਮੁਹਾਲੀ ਦਫ਼ਤਰ ਵੱਲੋ ਅਸਲ ਤੱਥ ਕਮਿਸ਼ਨਰ ਨਗਰ (ਆਪ ਪਾਸੋ) ਛੁਪਾਏ ਗਏ ਹਨ। ਪਹਿਲਾਂ ਸੀਨੀਆਰਤਾ ਵਿੱਚ ਮੈ ਇਹਨਾਂ ਤੋ ਸੀਨੀਅਰ ਭਾਵ ਲੜੀ ਨੰ: 4 ਤੇ ਸੀ। ਸ੍ਰੀ ਅਮਰਨਾਥ ਸਿੰਘ ਮਿਤੀ 31.01.2010 ਨੂੰ ਰਿਟਾਇਰ ਹੋ ਚੁੱਕਾ ਹੈ ਅਤੇ ਜਗਦੀਸ਼ ਚੰਦਰ ਮਿਤੀ 31.03.2016 ਨੂੰ ਰਿਟਾਇਰ ਹੋਏ ਸਨ ਅਤੇ ਮੈ ਹੁਣ ਨਵੇ ਪੇ ਸਕੇਲਾਂ ਵਿੱਚ ਐਟਰੀ ਤੋ ਬਾਅਦ ਮਿਤੀ 31.10.2017 (ਦੋ ਸਾਲ ਦੇ ਵਾਧੇ ਤੋ ਬਾਅਦ ਮਿਤੀ 31.10.2019 ਨੂੰ ਰਿਟਾਇਰ ਹੋਇਆ ਹਾਂ। ਪਤਾ ਨਹੀ ਕਿਊ ਇਨ੍ਹਾਂ ਦੋਹਾ ਕਰਮਚਾਰੀਆਂ ਨੂੰ ਹੁਣ ਮਿਤੀ 10.06.2022 ਨੂੰ ਜਾਰੀ ਕੀਤੀ ਗਈ ਅੰਤਰਿਮ ਸੀਨੀਆਰਤਾ ਸੂਚੀ ਵਿੱਚ ਮੇਰੇ ਤੋ ਉਪਰ ਦਰਸ਼ਾਇਆ ਗਿਆ ਹੈ ਜ਼ੋ ਸਰਾਸਰ ਗਲਤ ਹੈ। | ਐਡਵੋਕੇਟ ਦੀ ਰਾਏ ਮਿਤੀ 07.03.2022 ਅਤੇ ਨਗਰ ਨਿਗਮ ਦੇ ਮਤਾ ਨੰ: 117 ਮਿਤੀ 21.03.2022 ਰਾਹੀ ਦਿੱਤੀ ਗਈ ਪ੍ਰਵਾਨਗੀ ਉਪਰੰਤ ਤਿਆਰ ਕੀਤੀ ਗਈ ਹੈ। ਇਸ ਲਈ ਇਹ ਇਤਰਾਜ ਤੇ ਕਿਸੇ ਕਾਰਵਾਈ ਦੀ ਜਰੂਰਤ ਨਹੀ ਹੈ।<br><br>ਲੜੀ ਨੰ: 5(ੳ ਅਤੇ ਅ) ਸਬੰਧੀ ਇਤਰਾਜ ਰੂਲਾਂ ਤੋ ਪਰੇ ਹਨ। ਇਸ ਲਈ ਇਨ੍ਹਾਂ ਇਤਰਾਜ ਤੇ ਕਿਸੇ ਕਾਰਵਾਈ ਦੀ ਜਰੂਰਤ ਨਹੀ ਹੈ। | | |

| | | | | | | | |
|---|---|---|---|---|---|---|---|
| | | | | | 5. ਉਪਰੋਕਤ ਦੱਸੇ ਤੱਥਾ ਤੋ ਸਪਸ਼ਟ ਹੈ ਕਿ ਹੁਣ ਮਿਤੀ 10.06.2022 ਨੂੰ ਜਾਰੀ ਕੀਤੀ ਗਈ ਅੰਤਰਿਮ ਸੀਨੀਆਰਤਾ ਸੂਚੀ ਬੇ ਬੁਨਿਆਦ ਅਤੇ ਬਿਨ੍ਹਾਂ ਤੱਥਾਂ ਤੇ ਅਧਾਰਤ ਹੈ, ਇਹ ਸਿਰਫ ਜ਼ੋ ਮੇਰਾ ਸੇਵਾ ਪੱਤਰੀ ਵਿੱਚ ਪੰਨਾ 38-42 ਪੇ ਫਿਕਸ ਦੇ ਇਤਰਾਜ ਕੀਤੇ ਗਏ ਹਨ, ਮੁਤਾਬਕ ਮੇਰੇ ਪੈਨਸ਼ਨ ਕੇਸ ਨੂੰ ਨਿਸ਼ਚਿਤ ਕਰਨ ਸਬੰਧੀ ਚੱਲ ਰਹੇ ਕੇਸ ਜ਼ੋ ਮਾਨਯੋਗ ਚੇਅਰਮੈਨ ਨੈਸ਼ਨਲ ਕਮਿਸ਼ਨ ਆਫ਼ ਸ਼ਡਿਊਲਡ ਕਾਸਟਸ, ਨਵੀ ਦਿੱਲੀ ਪਾਸ ਹੈ, ਵਿਚਾਰ ਅਧੀਨ ਨੂੰ ਜਾਣ ਬੁਝਕੇ ਮਾੜੀ ਨਿਯਤ ਦੇ ਮਨਸੂਬੇ ਨਾਲ ਬਗਾੜਨ, ਡਿਲੇ ਕਰਨ ਅਤੇ ਪਰੇਸ਼ਾਨ ਕਰਨ ਦੇ ਮਨਸੂਬੇ ਦੇ ਨਾਲ ਦਫ਼ਤਰ ਦੇ ਕਰਮਚਾਰੀਆਂ ਵੱਲੋ ਅਤੇ ਹੇਠਲੇ ਅਧਿਕਾਰੀਆਂ ਵੱਲੋ ਕਮਿਸ਼ਨਰ ਸਾਹਿਬ ਨੂੰ ਅਤੇ ਅਧਿਕਾਰੀਆਂ ਨੂੰ ਮਿਸ ਗਾਈਡ ਕੀਤਾ ਗਿਆ ਹੈ ਅਤੇ ਕੇਸ ਦੇ ਤੱਥਾਂ ਤੋ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ। ਇਸ ਲਈ ਕਮਿਸ਼ਨਰ, ਨਗਰ ਨਿਗਮ ਐਸ.ਏ.ਐਸ ਨਗਰ ਜੀ ਨੂੰ ਬੇਨਤੀ ਹੈ ਕਿ :-<br><br>ੳ. ਮਿਤੀ 10.06.2022 ਨੂੰ ਜਾਰੀ ਕੀਤੀ ਗਈ ਅੰਤਰਿਮ ਸੀਨੀਆਰਤਾ ਸੂਚੀ ਬੇਬੁਨਿਆਦ, ਗਲਤ, ਬਿਨਾਂ ਤੱਥਾਂ ਅਤੇ ਰਿਕਾਰਡ ਤੇ ਅਧਾਰਤ ਅਤੇ ਪਹਿਲੇ ਅਧਿਕਾਰੀਆਂ ਵੱਲੋ ਲਏ ਗਏ ਫੈਸਲੇ ਦੀ ਉਲੰਘਣਾ ਹੈ, ਜਿਸ ਦਾ ਕੋਈ ਠੋਸ ਅਧਾਰ ਨਹੀ ਹੈ, ਇਹ ਅੰਤਰਿਮ ਸੀਨੀਆਰਤਾ ਨੂੰ ਅੰਤਮ ਸੀਨੀਆਰਤਾ ਸੂਚੀ ਜਾਰੀ ਕਰਨ ਤੋ ਪਹਿਲਾਂ ਮੇਰੀ ਸੀਨੀਆਰਤਾ ਸ੍ਰੀ ਅਮਰਨਾਥ ਅਤੇ ਸ੍ਰੀ ਜਗਦੀਸ਼ ਚੰਦਰ ਤੋ ਉਪਰ ਨਿਸ਼ਚਿਤ ਕੀਤੀ ਜਾਵੇ ਪਹਿਲਾਂ ਮਿਤੀ 21.06.2017 ਦੀ ਅੰਤਮ ਸੀਨੀਆਰਤਾ ਸਮੁਚੇ ਪਰੋਸੈਸ ਰਾਹੀ ਨਿਸ਼ਚਿਤ ਕੀਤੀ ਸੀਨੀਆਰਤਾ ਸੂਚੀ ਮੁਤਾਬਕ ਹੀ ਬਹਾਲ ਰੱਖਿਆ ਜਾਵੇ। | | |

| | | | | | | | |
|---|---|---|---|---|---|---|---|
| | | | | | ਅ. ਪਹਿਲਾਂ ਮਿਤੀ 21.06.2017 ਨੂੰ ਜਾਰੀ ਕੀਤੀ ਗਈ ਅੰਤਮ ਸੀਨੀਆਰਤਾ ਸੂਚੀ ਮੁਤਾਬਕ ਮੇਰੀ ਸੀਨੀਆਰਤਾ ਸ੍ਰੀ ਅਮਰਥਾਥ ਸਿੰਘ (ਲੜੀ ਨੰ 3) ਅਤੇ ਸ੍ਰੀ ਜਗਦੀਸ਼ ਚੰਦਰ (ਲੜੀ ਨੰ: 5) ਤੋ ਉਪਰ ਨਿਸ਼ਚਿਤ ਕਰਕੇ ਮੈਨੂੰ ਮੇਰੀ ਸੇਵਾ ਪੱਤਰੀ ਵਿੱਚ ਪੰਨਾ 38-42 ਤੇ ਕੀਤੇ ਇੰਦਰਾਜਾਂ ਮੁਤਾਬਕ ਬਣਦੇ ਪੈਨਸ਼ਨਰੀ ਅਤੇ ਹੋਰ ਬਣਦੇ ਸੇਵਾ ਲਾਭ ਤੁਰੰਤ ਦਿੱਤੇ ਜਾਣ।<br><br>ਜੇਕਰ ਆਪ ਉਪਰੋਕਤ ਤੱਥਾਂ ਨਾਲ ਸਹਿਮਤ ਨਹੀ ਤਾਂ ਕ੍ਰਿਪਾ ਕਰਕੇ ਸੀਨੀਆਰਤਾ ਸੂਚੀ ਸਬੰਧੀ ਅੰਤਮ ਫੈਸਲਾ ਲੈਣ ਤੋ ਪਹਿਲਾਂ ਮੈਨੂੰ ਨਿਜੀ ਸੁਣਵਾਈ ਦਾ ਮੌਕਾ ਦਿੱਤਾ ਜਾਵੇ ਤਾਂ ਜ਼ੋ ਮੈ ਆਪ ਜੀ ਨੂੰ ਇਸ ਸਬੰਧੀ ਹੋਰ ਸਥਿਤੀ ਸਪਸ਼ਟ ਕਰ ਸਕਾਂ ਅਤੇ ਜੋ ਤੱਥ ਪੱਤਰ ਵਿੱਚ ਨਹੀ ਦੱਸ ਸਕਿਆ ਉਨ੍ਹਾ ਬਾਰੇ ਵੀ ਆਪ ਜੀ ਨੂੰ ਜਾਣੂ ਕਰਵਾ ਸਕਾਂ। | | |
| | | | 3 | ਰਘਬੀਰ ਸਿੰਘ, (ਰਿਟਾਇਰਡ) ਪੰਪ ਉਪਰੇਟਰ ਦਰਖ਼ਾਸਤ ਦੀ ਮਿਤੀ 21.06.2022 ਟੈਨਟੇਟਿਵ ਸੀਨੀਆਤਰਾ ਸੂਚੀ ਦਾ ਲੜੀ ਨੰ: 7 | 1. ਸੀਨੀਆਰਤਾ ਸੂਚੀ ਵਿੱਚ ਮੇਰੀ ਤਕਨੀਕੀ ਯੋਗਤਾ ਨਹੀ ਲਿਖੀ ਗਈ।<br><br>2. ਸੀਨੀਆਰਤਾ ਸੂਚੀ ਵਿੱਚ ਮੇਰਾ ਅਹੁੱਦਾ ਪੰਪ ਉਪਰੇਟਰ ਦਰਸ਼ਾਇਆ ਗਿਆ ਹੈ ਜਦਕਿ ਨਗਰ ਕੌਂਸਲ ਮੋਹਾਲੀ (ਮੌਜੂਦਾ ਨਗਰ ਨਿਗਮ) ਨੇ ਮੈਨੂੰ ਮਿਤੀ 19.11.1994 ਨੂੰ ਟੈਕਨੀਸ਼ੀਅਨ ਗ੍ਰੇਡ-4 ਦਿੱਤਾ ਹੋਇਆ ਹੈ ਅਤੇ ਮੇਰਾ ਸਰਵਿਸ ਬੁੱਕ ਵਿੱਚ ਵੀ ਦਰਜ ਹੈ।<br><br>3. ਸੀਨੀਆਰਤਾ ਸੂਚੀ ਵਿੱਚ ਮੇਰੀ ਨਗਰ ਕੌਂਸਲ ਮੋਹਾਲੀ ਵਿੱਚ ਹਾਜ਼ਰ ਹੋਣ ਦੀ ਮਿਤੀ 14.10.1999 ਦਰਸ਼ਾਈ ਗਈ ਹੈ, ਜਦਕਿ ਮੈ ਪੀ.ਐਸ.ਆਈ.ਈ.ਸੀ ਤੋ ਬਦਲ ਕੇ ਮਿਤੀ 19.11.1992 ਨੂੰ ਹਾਜ਼ਰ ਹੋਇਆ ਸੀ ਅਤੇ ਨਗਰ ਕੌਂਸਲ ਮੋਹਾਲੀ ਵਿੱਚ ਮਿਤੀ 19.11.1992 ਤੋ ਮਿਤੀ 24.05.1996 ਤੱਕ | 1. ਲੜੀ ਨੰ: 1 ਸਬੰਧੀ ਲਿਖਿਆ ਜਾਂਦਾ ਹੈ ਕਿ ਇਸ ਸਬੰਧੀ ਝੰਡੀ 'ੳ' ਅਨੁਸਾਰ ਜਾਰੀ ਕੀਤੀ ਜਾਣ ਵਾਲੀ ਅੰਤਿਮ ਸੀਨੀਆਰਤਾ ਸੂਚੀ ਵਿੱਚ ਆਈ.ਟੀ.ਆਈ ਦੀ ਯੋਗਤਾ ਦਰਜ ਕਰ ਦਿੱਤੀ ਗਈ ਹੈ।<br><br>ਲੜੀ ਨੰ: 2 ਅਤੇ 3 ਸਬੰਧੀ ਦਿੱਤੇ ਇਤਰਾਜ ਬਾਰੇ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਇਤਰਾਜਾਂ ਤੇ ਸਰਕਾਰ ਦੀਆਂ ਤੀਸਰੇ ਅਤੇ ਚੌਥੇ ਤਨਖ਼ਾਹ ਕਮਿਸ਼ਨ | |

| | | | | | | | | | |
|---|---|---|---|---|---|---|---|---|---|
| | | | | | | ਡਿਊਟੀ ਕੀਤੀ ਸੀ। ਮਿਤੀ 25.05.1996 ਤੋ ਮਿਤੀ 13.10.1999 ਤੱਕ ਨਗਰ ਕੌਸਲ ਪਠਾਨਕੋਟ ਵਿੱਚ ਸੇਵਾ ਕੀਤੀ ਸੀ। ਇਸ ਤੋ ਬਾਅਦ ਮਿਤੀ 14.10.1999 ਤੋ ਦੋਬਾਰਾ ਨਗਰ ਕੌਸਲ ਮੋਹਾਲੀ ਵਿੱਚ ਜੁਆਇੰਨ ਕੀਤਾ। | ਦੀਆਂ ਹਦਾਇਤਾਂ ਅਨੁਸਾਰ ਸਾਲ 1993 ਤੋ 2022 (ਸਾਲ ਵਾਈਸ) ਤੱਕ ਦੀਆਂ ਸੀਨੀਆਰਤਾ ਸੂਚੀਆਂ ਤਿਆਰ ਕਰਨ ਸਮੇ ਅਤੇ ਫਿਕਸੇਸ਼ਨ ਕਰਨ ਸਮੇ ਵਿਚਾਰ ਕਰ ਲਿਆ ਜਾਵੇਗਾ। | | |
| | | | | 4 | ਸ੍ਰੀ ਧਰਮਪਾਲ, ਸਹਾਇਕ ਪੰਪ ਓਪਰੇਟਰ (ਰਿਟਾਇਰਡ), ਦਰਖ਼ਾਸਤ ਦੀ ਮਿਤੀ 20.06.2022 ਟੈਨਟੇਟਿਵ ਸੀਨੀਆਤਰਾ ਸੂਚੀ ਦਾ ਲੜੀ ਨੰ: 8 | ਸੀਨੀਆਰਤਾ ਸੂਚੀ ਵਿੱਚ ਰੈਗੂਲਰ ਹੋਣ ਦੀ ਮਿਤੀ 11.03.2002 ਲਿਖੀ ਗਈ ਹੈ। ਜਦ ਕੇ ਮੈਨੂੰ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਮਿਤੀ 23.01.2001 ਰਾਹੀ ਰੈਗੂਲਰ ਕੀਤਾ ਗਿਆ ਹੈ। ਜਿਸ ਅਨੁਸਾਰ ਮੈਨੂੰ ਨਗਰ ਨਿਗਮ ਵੱਲੋ ਪਰੋਫੀਸ਼ੇਸੀ ਸਟੈਪ ਅਪ 4-9-14 ਦਿੱਤੀ ਗਈ ਹੈ ਅਤੇ ਇਸਦਾ ਆਡਿਟ ਵੀ ਹੋ ਚੁੱਕਾ ਹੈ। ਇਸ ਲਈ ਮੇਰੀ ਰੈਗੂਲਰ ਹੋਣ ਦੀ ਮਿਤੀ 11.03.2002 ਦੀ ਬਜਾਏ ਮਿਤੀ 23.01.2001 ਕੀਤੀ ਜਾਵੇ। | 1. ਲੜੀ ਨੰ: 1 ਸਬੰਧੀ ਲਿਖਿਆ ਜਾਂਦਾ ਹੈ ਕਿ ਇਸ ਸਬੰਧੀ ਝੰਡੀ 'ੳ' ਅਨੁਸਾਰ ਜਾਰੀ ਕੀਤੀ ਜਾਣ ਵਾਲੀ ਅੰਤਿਮ ਸੀਨੀਆਰਤਾ ਸੂਚੀ ਵਿੱਚ ਰੈਗੂਲਰ ਦੀ ਮਿਤੀ 11-03-2002 ਦੀ ਜਗ੍ਹਾਂ ਮਿਤੀ 23-01-2001 ਦਰਜ ਕਰ ਦਿੱਤੀ ਗਈ ਹੈ। | | |
| | | | | 5 | ਜ਼ਸਬੀਰ ਸਿੰਘ, ਪੰਪ ਅਪਰੇਟਰ (ਰਿਟਾਇਰਡ), ਦਰਖ਼ਾਸਤ ਦੀ ਮਿਤੀ 22.06.2022 ਟੈਨਟੇਟਿਵ ਸੀਨੀਆਤਰਾ ਸੂਚੀ ਦਾ ਲੜੀ ਨੰ: 9 | 1. ਸੀਨੀਆਰਤਾ ਸੂਚੀ ਵਿੱਚ ਮੇਰੀ ਰੈਗੂਲਰ ਹੋਣ ਦੀ ਮਿਤੀ 11.03.2002 ਲਿਖੀ ਗਈ ਹੈ। ਜਦ ਕਿ ਮੈਨੂੰ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਮਿਤੀ 23.01.2001 ਰਾਹੀ ਨਗਰ ਨਿਗਮ ਵੱਲੋ ਰੈਗੂਲਰ ਕੀਤਾ ਗਿਆ ਹੈ। ਨਗਰ ਨਿਗਮ ਵੱਲੋ ਇਸ ਮਿਤੀ ਅਨੁਸਾਰ ਏ.ਸੀ.ਪੀ 4-9-14 ਦਿੱਤੀ ਗਈ ਹੈ। ਜਿਸ ਦਾ ਆਡਿਟ ਵੀ ਹੋ ਚੁੱਕਾ ਹੈ। ਇਸ ਲਈ ਮੇਰੀ ਰੈਗੂਲਰ ਹੋਣ ਦੀ ਮਿਤੀ 11.03.2002 ਦੀ ਬਜਾਏ ਮਿਤੀ 23.01.2001 ਦਰੁਸਤ ਕੀਤੀ ਜਾਵੇ।<br>ਸੀਨੀਆਰਤਾ ਸੂਚੀ ਵਿੱਚ ਵਿਦਿਅਕ ਯੋਗਤਾ ਨਾਲ ਤਕਨੀਕੀ ਯੋਗਤਾ ਨਹੀ ਲਿਖੀ ਗਈ ਹੈ। ਮੇਰੀ ਤਕਨੀਕੀ ਯੋਗਤਾ ਆਈ.ਟੀ.ਆਈ ਫਿੱਟਰ ਹੈ। ਜੋ ਸੇਵਾ ਪੱਤਰੀ ਵਿੱਚ ਨੱਥੀ ਹੈ। | 1. ਲੜੀ ਨੰ: 1 ਸਬੰਧੀ ਲਿਖਿਆ ਜਾਂਦਾ ਹੈ ਕਿ ਇਸ ਸਬੰਧੀ ਝੰਡੀ 'ੳ' ਅਨੁਸਾਰ ਜਾਰੀ ਕੀਤੀ ਜਾਣ ਵਾਲੀ ਅੰਤਿਮ ਸੀਨੀਆਰਤਾ ਸੂਚੀ ਵਿੱਚ ਰੈਗੂਲਰ ਦੀ ਮਿਤੀ 11-03-2002 ਦੀ ਜਗ੍ਹਾਂ ਮਿਤੀ 23-01-2001 ਅਤੇ ਵਿਦਿਅਕ ਯੋਗਤਾ ਆਈ.ਟੀ.ਆਈ ਦਰਜ ਕਰ ਦਿੱਤੀ ਗਈ ਹੈ। | | |
| | | | | 6 | ਰਜਿੰਦਰ ਸਿੰਘ, | 1. ਸੀਨੀਆਰਤਾ ਸੂਚੀ ਦੇ ਲੜੀ ਨੰ: 9 ਵਿੱਚ | 1. ਲੜੀ ਨੰ: 1 | | |

| | | | | | | | | | |
|---|---|---|---|---|---|---|---|---|---|
| | | | | | ਸਹਾਇਕ ਪੰਪ ਉਪਰੇਟਰ (ਰਿਟਾ:), ਦਰਖ਼ਾਸਤ ਮਿਤੀ 20.06.2022 ਟੈਨਟੇਟਿਵ ਸੀਨੀਆਤਰਾ ਸੂਚੀ ਦਾ ਲੜੀ ਨੰ: 10 | ਜ਼ਸਬੀਰ ਸਿੰਘ ਪੁੱਤਰ ਕਰਤਾਰ ਸਿੰਘ ਮਿਤੀ 19.11.1992 ਨੂੰ ਬਤੌਰ ਪੰਪ ਅਟੈਡੈਟ ਨਗਰ ਕੌਸਲ ਵਿੱਚ ਜੁਆਇੰਨ ਹੋਇਆ ਹੈ ਅਤੇ ਨਿਯੁਕਤੀ ਮਿਤੀ 19.11.1994 ਨੂੰ ਪਦਉਨਤ ਪੰਪ ਅਪਰੇਟਰ ਜੁਆਇੰਨ ਕੀਤਾ। ਜਦ ਕਿ ਮੇਰੀ ਨਿਯੁਕਤੀ ਹੀ ਸਹਾਇਕ ਪੰਪ ਚਾਲਕ ਪੀ.ਐਸ.ਆਈ.ਈ.ਸੀ ਵਿੱਚ ਮਿਤੀ 02.07.1990 ਤੋ ਹੈ। ਇਸ ਲਈ ਮੇਰਾ ਸੀਨੀਆਰਤਾ ਪਹਿਲਾਂ ਬਣਦੀ ਹੈ।<br><br>2. ਸੀਨੀਆਰਤਾ ਸੂਚੀ ਵਿੱਚ ਰੈਗੂਨਰ ਹੋਣ ਦੀ ਮਿਤੀ 11.03.2002 ਲਿਖੀ ਗਈ ਹੈ। ਜਦ ਕਿ ਮੈਨੂੰ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਮਿਤੀ 23.01.2001 ਰਾਹੀ ਰੈਗੂਲਰ ਕੀਤਾ ਗਿਆ ਹੈ। ਜਿਸ ਅਨੁਸਾਰ ਮੈਨੂੰ ਨਿਗਮ ਵੱਲੋ ਪਰੋਫੀਸ਼ੈਸੀ ਸਟੈਪ-ਅਪ (4-9-14) ਦਿੱਤੀ ਗਈ ਹੈ ਅਤੇ ਇਸ ਦਾ ਆਡਿਟ ਵੀ ਹੋ ਚੁੱਕਾ ਹੈ। ਇਸ ਲਈ ਮੇਰੀ ਰੈਗੂਲਰ ਹੋਣ ਦੀ ਮਿਤੀ 11.03.2002 ਦੀ ਬਜਾਏ 23.01.2001 ਕੀਤੀ ਜਾਵੇ। | ਸਬੰਧੀ ਲਿਖਿਆ ਜਾਂਦਾ ਹੈ ਕਿ ਸ੍ਰੀ ਜ਼ਸਬੀਰ ਸਿੰਘ ਅਤੇ ਰਜਿੰਦਰ ਸਿੰਘ ਨਗਰ ਨਿਗਮ ਵੱਲੋ ਮਿਤੀ 23-01-2001 ਤੋ ਰੈਗੂਲਰ ਕੀਤੇ ਗਏ ਸਨ ਅਤੇ ਇਹ ਇਤਰਾਜ ਦੋਨੋ ਕਰਮਚਾਰੀਆਂ ਦੀ ਵਰਕਚਾਰਜ ਸਮੇ ਦੀ ਸਰਵਿਸ ਨਾਲ ਸਬੰਧਤ ਹੈ। ਇਸ ਲਈ ਰੂਲਾਂ ਅਨੁਸਾਰ ਇਸ ਇਤਰਾਜ ਤੇ ਕਿਸੇ ਕਾਰਵਾਈ ਦੀ ਜਰੂਰਤ ਨਹੀ ਹੈ।<br><br>2. ਲੜੀ ਨੰ: 2 ਸਬੰਧੀ ਲਿਖਿਆ ਜਾਂਦਾ ਹੈ ਕਿ ਇਸ ਸਬੰਧੀ ਝੰਡੀ 'ੳ' ਅਨੁਸਾਰ ਜਾਰੀ ਕੀਤੀ ਜਾਣ ਵਾਲੀ ਅੰਤਿਮ ਸੀਨੀਆਰਤਾ ਸੂਚੀ ਵਿੱਚ ਰੈਗੂਲਰ ਦੀ ਮਿਤੀ 11-03-2002 ਦੀ ਜਗ੍ਹਾਂ ਮਿਤੀ 23-01-2001 ਦਰਜ ਕਰ ਦਿੱਤੀ ਗਈ ਹੈ। | | |
| | | | | 7 | ਸ੍ਰੀ ਜ਼ਸਪਾਲ ਸਿੰਘ ਪੁੱਤਰ ਪ੍ਰਤਾਪ ਸਿੰਘ, ਸਹਾਇਕ ਪੰਪ ਅਪਰੇਟਰ (ਰਿਟਾ:), | 1. ਸੀਨੀਆਰਤਾ ਸੂਚੀ ਦੇ ਲੜੀ ਨੰ: 9 ਵਿੱਚ ਜ਼ਸਬੀਰ ਸਿੰਘ ਪੁੱਤਰ ਕਰਤਾਰ ਸਿੰਘ ਮਿਤੀ 19.11.1992 ਨੂੰ ਬਤੌਰ ਪੰਪ ਅਟੈਡੈਟ ਨਗਰ ਨਿਗਮ ਵਿੱਚ ਜੁਆਇੰਨ ਹੋਇਆ ਸੀ। ਅਤੇ ਮਿਤੀ 19.11.1994 ਨੂੰ ਪਦਉਨਤ ਪੰਪ | 1. ਲੜੀ ਨੰ: 1 ਸਬੰਧੀ ਲਿਖਿਆ ਜਾਂਦਾ ਹੈ ਕਿ ਸ੍ਰੀ ਜ਼ਸਬੀਰ ਸਿੰਘ ਅਤੇ ਜ਼ਸਪਾਲ ਸਿੰਘ ਨਗਰ ਨਿਗਮ ਵੱਲੋ | | |

| | | | | | | | | | |
|---|---|---|---|---|---|---|---|---|---|
| | | | | | ਦਰਖ਼ਾਸਤ ਮਿਤੀ 23.06.2022 ਟੈਨਟੇਟਿਵ ਸੀਨੀਆਤਰਾ ਸੂਚੀ ਦਾ ਲੜੀ ਨੰ: 11 | ਅਪਰੇਟਰ ਜੁਆਇੰਨ ਕੀਤਾ। ਜਦ ਕਿ ਮੇਰੀ ਨਿਯੁਕਤੀ ਸਹਾਇਕ ਪੰਪ ਚਾਲਕ ਪੀ.ਐਸ.ਆਈ.ਈ.ਸੀ ਵਿੱਚ ਮਿਤੀ 02.07.1990 ਤੋ ਹੈ। ਇਸ ਲਈ ਮੇਰੀ ਸੀਨੀਆਰਤਾ ਪਹਿਲਾਂ ਬਣਦੀ ਹੈ।<br><br>2. ਸੀਨੀਆਰਤਾ ਸੂਚੀ ਵਿੱਚ ਰੈਗੂਲਰ ਹੋਣ ਦੀ ਮਿਤੀ 11.03.2002 ਲਿੱਖੀ ਗਈ ਹੈ। ਜਦ ਕਿ ਮੈਨੂੰ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਮਿਤੀ 23.01.2001 ਰਾਹੀ ਨਗਰ ਨਿਗਮ ਵੱਲੋ ਰੈਗੂਲਰ ਕੀਤਾ ਗਿਆ ਹੈ। ਨਗਰ ਨਿਗਮ ਵੱਲੋ ਇਸ ਮਿਤੀ ਅਨੁਸਾਰ ਏ.ਸੀ.ਪੀ 4-9-14 ਦਿੱਤੀ ਗਈ ਹੈ। ਜਿਸ ਦਾ ਆਡਿਟ ਵੀ ਹੋ ਚੁੱਕਾ ਹੈ। ਇਸ ਲਈ ਮੇਰੀ ਰੈਗੂਲਰ ਹੋਣ ਦੀ ਮਿਤੀ 11.03.2002 ਦੀ ਬਜਾਏ ਮਿਤੀ 23.01.2001 ਦਰੁਸਤ ਕੀਤੀ ਜਾਵੇ।<br><br>3. ਸੀਨੀਆਰਤਾ ਸੂਚੀ ਵਿੱਚ ਮੈਨੂੰ ਜਨਰਲ ਕੈਟਾਗਿਰੀ ਵਿੱਚ ਪਾਇਆ ਗਿਆ ਹੈ ਜਦ ਕਿ ਮੈ ਬੈਕਵਰਡ ਕੈਟਾਗਿਰੀ ਨਾਲ ਸਬੰਧ ਰੱਖਦਾ ਹਾਂ। ਜਦ ਕਿ ਮੈ ਜਾਤੀ ਸਰਟੀਫਿਕੇਟ ਪਹਿਲਾਂ ਦੇ ਚੁੱਕਿਆਂ ਹਾਂ। | ਮਿਤੀ 23-01-2001 ਤੋ ਰੈਗੂਲਰ ਕੀਤੇ ਗਏ ਸਨ ਅਤੇ ਇਹ ਇਤਰਾਜ ਦੋਨੋ ਕਰਮਚਾਰੀਆਂ ਦੀ ਵਰਕਚਾਰਜ ਸਮੇ ਦੀ ਸਰਵਿਸ ਨਾਲ ਸਬੰਧਤ ਹੈ। ਇਸ ਲਈ ਰੂਲਾਂ ਅਨੁਸਾਰ ਇਸ ਇਤਰਾਜ ਤੇ ਕਿਸੇ ਕਾਰਵਾਈ ਦੀ ਜਰੂਰਤ ਨਹੀ ਹੈ।<br><br>2. ਲੜੀ ਨੰ: 2 ਅਤੇ 3 ਸਬੰਧੀ ਲਿਖਿਆ ਜਾਂਦਾ ਹੈ ਕਿ ਇਸ ਸਬੰਧੀ ਝੰਡੀ 'ੳ' ਅਨੁਸਾਰ ਜਾਰੀ ਕੀਤੀ ਜਾਣ ਵਾਲੀ ਅੰਤਿਮ ਸੀਨੀਆਰਤਾ ਸੂਚੀ ਵਿੱਚ ਰੈਗੂਲਰ ਦੀ ਮਿਤੀ 11-03-2002 ਦੀ ਜਗ੍ਹਾਂ ਮਿਤੀ 23-01-2001 ਅਤੇ ਕੈਟਾਗਿਰੀ ਬੀ.ਸੀ ਦਰਜ ਕਰ ਦਿੱਤੀ ਗਈ ਹੈ। | | |
| | | | | 8 | ਸ੍ਰੀ ਨਰੇਸ਼ ਕੁਮਾਰ, ਜੂਨੀਅਰ ਟੈਕਨੀਸ਼ੀਅਨ, ਦਰਖ਼ਾਸਤ ਦੀ ਮਿਤੀ 27.06.2022 | ਮੈ ਆਪ ਜੀ ਦੇ ਵਿਭਾਗ ਵਿੱਚ ਬਤੌਜ਼ ਜੂਨੀਅਰ ਟੈਕਨੀਸ਼ੀਅਨ ਪੱਕੇ ਤੌਰ ਤੇ ਕੰਮ ਕਰਦਾ ਹਾਂ। ਪਰੰਤੂ ਅਜੇ ਤੱਕ ਮੇਰਾ ਨਾਮ ਨਗਰ ਨਿਗਮ ਮੋਹਾਲੀ ਵੱਲੋ ਬਣਾਈ ਗਈ ਸੀਨੀਆਰਤਾ ਸੂਚੀ ਵਿੱਚ ਦਰਜ ਨਹੀ ਕਤੀਾ ਗਿਆ। ਇਸ ਤੋ ਪਹਿਲਾਂ ਵੀ ਮੈ ਡਾਇਰੀ ਨੰ: 1722 ਮਿਤੀ 03-07-2018 ਅਤੇ ਡਾਇਰੀ ਨੰ: 3031 ਮਿਤੀ 20.10.2019 ਰਾਹੀ ਆਪਣਾ ਨਾਮ ਸੀਨੀਆਰਤਾ ਸੂਚੀ ਵਿੱਚ ਦਰਜ | ਇਸ ਕਰਮਚਾਰੀ ਦੀ ਸਰਵਿਸ ਬੁੱਕ ਵੇਖੀ ਗਈ। ਜਿਸ ਤੋ ਇਹ ਪਾਇਆ ਗਿਆ ਕਿ ਇਸ ਕਰਮਚਾਰੀ ਨੂੰ ਨਗਰ ਨਿਗਮ ਦੇ ਮਤਾ ਨੰ: 205 ਮਿਤੀ 16.12.2016 ਅਤੇ ਦਫ਼ਤਰੀ ਹੁਕਮ ਨੰ: | | |

| | | | | | | | | | |
|---|---|---|---|---|---|---|---|---|---|
| | | | | | | ਕਰਨ ਸਬੰਧੀ ਬੇਨਤੀ ਕਰ ਚੁੱਕਾ ਹਾਂ। ਇਸ ਲਈ ਮੇਰੀ ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਵਿਭਾਗ ਵੱਲੋ ਅੰਤਿਮ ਸੀਨੀਆਰਤਾ ਸੂਚੀ ਦਾ ਮਤਾ ਨੰ: 117 ਮਿਤੀ 21.03.2022 ਦੀ ਸੋਧੀ ਗਈ ਸੀਨੀਆਰਤਾ ਸੂਚੀ ਵਿੱਚ ਮੇਰਾ ਨਾਮ ਦਰਜ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ। | 1060 ਮਿਤੀ 26.05.2017 ਰਾਹੀ ਪੰਪ ਅਟੈਡੈਂਟ ਤੋ ਸਹਾਇਕ ਪੰਪ ਓਪਰੇਟਰ ਪੱਦਉਨਤ ਕੀਤਾ ਗਿਆ ਸੀ ਅਤੇ ਇਸ ਕਰਮਚਾਰੀ ਵੱਲੋ ਬਤੌਰ ਸਹਾਇਕ ਪੰਪ ਓਪਰੇਟਰ ਆਪਣੀ ਜੁਆਇਨਿੰਗ ਰਿਪੋਰਟ ਮਿਤੀ 26.05.2017 ਨੂੰ ਦਿੱਤੀ ਗਈ ਸੀ। ਪਰੰਤੂ ਨਗਰ ਨਿਗਮ ਵੱਲੋ ਪੰਪ ਓਪਰੇਟਰਾਂ/ਸਹਾਇਕ ਪੰਪ ਓਪਰੇਟਰਾਂ ਦੀ ਮਿਤੀ 21-06-2017 ਰਾਹੀ ਜ਼ੋ ਸੀਨੀਆਰਤਾ ਸੂਚੀ ਜਾਰੀ ਕੀਤੀ ਗਈ ਸੀ, ਉਸ ਵਿੱਚ ਇਸ ਕਰਮਚਾਰੀ ਦਾ ਨਾਮ ਦਰਜ ਨਹੀ ਕੀਤਾ ਗਿਆ ਸੀ। ਇਸ ਲਈ Interest of Justice ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਕਰਮਚਾਰੀ ਨੂੰ ਝੰਡੀ 'ੳ' ਅਨੁਸਾਰ ਜਾਰੀ ਕੀਤੀ ਜਾਣ ਵਾਲੀ ਅੰਤਿਮ ਸੀਨੀਆਰਤਾ ਸੂਚੀ ਵਿੱਚ ਲੜੀ ਨੰ: 21 ਤੇ ਦਰਜ ਕੀਤਾ ਗਿਆ ਹੈ। | | |
| | | | | ਨੋਟ :- ਟੈਨਟੇਟਿਵ ਸੀਨੀਆਰਤਾ ਸੂਚੀ ਮਿਤੀ 10-06-2022 ਦੇ ਨੋਟ ਵਿੱਚ ਦਰਜ ਸ੍ਰੀ ਮੋਹਨ ਸਿੰਘ ਅਤੇ ਮੋਹਰ ਸਿੰਘ ਦੇ ਰੈਗੂਲਰ ਹੋਣ ਬਾਰੇ ਦਸਤਾਵੇਜ/ਸਬੂਤ ਮਿੱਥੇ ਸਮੇ ਅੰਦਰ ਪ੍ਰਾਪਤ ਨਾ ਹੋਣ ਕਾਰਨ ਇਨ੍ਹਾਂ ਦੋਨੋ | | | | | |

ਕਰਮਚਾਰੀਆਂ ਨੂੰ ਝੰਡੀ 'ੳ' ਅਨੁਸਾਰ ਜਾਰੀ ਕੀਤੀ ਜਾਣ ਵਾਲੀ ਅੰਤਿਮ ਸੀਨੀਆਰਤਾ ਸੂਚੀ ਵਿੱਚ ਦਰਜ ਨਹੀ ਕੀਤਾ ਗਿਆ।

ਕਮੇਟੀ ਵੱਲੋ ਉਕਤ ਅਨੁਸਾਰ ਇਤਰਾਜ਼ਾਂ ਦਾ ਨਿਪਟਾਰਾ ਕਰਕੇ ਪੰਪ ਓਪਰੇਟਰਾਂ/ਸਹਾਇਕ ਪੰਪ ਓਪਰੇਟਰਾਂ/ਪੰਪ ਡਰਾਈਵਰਾਂ ਦੀ ਹੇਠ ਲਿਖੇ ਅਨੁਸਾਰ ਸੀਨੀਆਰਤਾ ਸੂਚੀ ਤਜਵੀਜ਼ ਕੀਤੀ ਗਈ ਹੈ।

| ਲੜੀ ਨੰ | ਕਰਮਚਾਰੀ ਦਾ ਨਾਮ | ਪਿਤਾ ਦਾ ਨਾਮ | ਅਹੁੱਦਾ | ਜਨਮ ਮਿਤੀ | ਵਿਦਿਅਕ ਯੋਗਤਾ | ਵਰਕਚਾਰਜ ਤੇ ਨਿਯੁਕਤੀ/ ਅਦਾਰੇ ਦਾ ਨਾਮ | ਰੈਗੂਲਰ ਹੋਣ ਦੀ ਮਿਤੀ | ਨਗਰ ਕੌਂਸਲ ਮੋਹਾਲੀ ਵਿਖੇ ਹਾਜ਼ਰ ਹੋਣ ਦੀ ਮਿਤੀ | ਰਿਟਾਇਰਮੈਂਟ ਦੀ ਮਿਤੀ | ਕੈਟੇਗਰੀ | ਵਿਸ਼ੇਸ਼ ਕਥਨ |
|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 |
| 1. | ਸ਼੍ਰੀ ਦਰਸ਼ਨ ਸਿੰਘ | ਬਾਬੂ ਸਿੰਘ | ਪੰਪ ਉਪਰੇਟਰ | 05-01-1949 | ਮੈਟਰਿਕ ਅਤੇ ਆਈ.ਟੀ. ਆਈ | 10-03-1979 PSIEC | 31-01-1992 | 18-11-1992 | 31-01-2007 | BC | ਦਫ਼ਤਰੀ ਹੁਕਮ ਨੰ: 193 ਮਿਤੀ 31-03-2008 ਰਾਹੀ ਟੈਕਨੀਸ਼ਅਨ ਗ੍ਰੇਡ |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | | | –4 ਬਣਾਇਆ ਗਿਆ । | |
| | | | 2. | ਸ੍ਰੀ ਜਰਨੈਲ ਸਿੰਘ | ਬਿਸ਼ਨ ਸਿੰਘ | ਪੰਪ ਡਰਾਈਵਰ | 30-12-1951 | ਮੈਟਰਿਕ | 03-08-1978 PSIEC | 31-01-1992 | 18-11-1992 | 31-12-2009 | GEN | ਦਫ਼ਤਰੀ ਹੁਕਮ ਨੰ: 193 ਮਿਤੀ 31–03–2008 ਰਾਹੀ ਟੈਕਨੀਸ਼ਅਨ ਗ੍ਰੇਡ –4 ਬਣਾਇਆ ਗਿਆ । | |
| | | | 3. | ਸ੍ਰੀ ਨੰਦ | ਹਿੰਮਤ | ਪੰਪ ਉਪਰੇ | 03-03-195 | ਅੰਡਰ ਮੈਟਰਿਕ | 06-07-1975 | 31-01-199 | 19-11-199 | 31-03-2011 | GEN | ਦਫ਼ਤਰੀ ਹੁਕ | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | ਨ ਰਾਮ | ਰਾਮ | ਟਰ | 3 | | PSIEC | 2 | 2 | | | ਮ ਨੰ: 193 ਮਿਤੀ 31–03–2008 ਰਾਹੀ ਟੈਕਨੀਸ਼ਅਨ ਗ੍ਰੇਡ –4 ਬਣਾਇਆ ਗਿਆ । | |
| | | | 4. | ਸ਼੍ਰੀ ਬਲ ਬੀਰ ਸਿੰਘ | ਸ਼੍ਰੀ ਸਾਧੂ ਸਿੰਘ | ਪੰਪ ਉਪਰੇਟਰ | 01-11-1959 | ਮੈਟਰਿਕ | 20.05.1987 (Promoted) PSIEC | 31-01-1992 | 19-11-1992 | 31-10-2017 | SC | ਦਫ਼ਤਰੀ ਹੁਕਮ ਨੰ: 193 ਮਿਤੀ 31–03–2008 ਰਾਹ | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | | | ੀ ਟੈਕਨੀਸ਼ਅਨ ਗ੍ਰੇਡ –4 ਬਣਾਇਆ ਗਿਆ ਅਤੇ 2 ਸਾਲ ਦੇ ਸਰਵਿਸ ਵਿੱਚ ਵਾਧੇ ਉਪਰੰਤ ਮਿਤੀ 31.10.2019 ਨੂੰ ਰਿਟਾਇਰ ਹੋਇਆ ਹੈ। | |
| | | | 5. | ਸ੍ਰੀ | ਰਲਾ | ਪੰਪ | 03-01- | ਅਨਪੜ | 05.03.1981 | 31-01- | 19-11- | 31-01- | GEN | - | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | ਅਮਰਨਾਥ ਸਿੰਘ | ਸਿੰਘ | ਉਪਰੇਟਰ | 1952 | | PSIEC | 1992 | 1992 | 2010 | | | |
| | | | 6. | ਸ੍ਰੀ ਜਗਦੀਸ਼ ਚੰਦਰ | ਸ੍ਰੀ ਸੇਵਾ ਰਾਮ | ਪੰਪ ਉਪਰੇਟਰ | 10-03-1958 | ਅੰਡਰ ਮੈਟਰਿਕ ਆਈ.ਟੀ.ਆਈ ਫਿਟਰ | 29-05-1980 PSIEC | 31-01-1992 | 19-11-1992 | 31-03-2016 | BC | 2 ਸਾਲ ਦੇ ਸਰਵਿਸ ਵਿੱਚ ਵਾਧੇ ਉਪਰੰਤ ਮਿਤੀ 31.03.2018 ਨੂੰ ਰਿਟਾਇਰ ਹੋਇਆ ਹੈ। | |
| | | | 7. | ਸ੍ਰੀ ਰਘੁਬੀਰ ਸਿੰਘ | ਸ੍ਰੀ ਖੁਸ਼ਹਾਲ ਸਿੰਘ | ਪੰਪ ਉਪਰੇਟਰ | 01-03-1956 | 9 ਵੀਂ ਪਾਸ ਅਤੇ ਆਈ.ਟੀ.ਆਈ | 01-09-1979 (Promoted) PSIEC | 31-01-1992 | 14-10-1999 | 28-02-2014 | GEN | ਡਾਇਰੈਕਟਰ, ਸਥਾਨਕ ਸਰਕਾਰ, | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | | | ਪੰਜਾਬ, ਚੰਡੀਗੜ੍ਹ ਜੀ ਦੇ ਪੱਤਰ ਨੰ: ਅਸ5-ਡਸਸ-99/44520-24 ਮਿਤੀ 29.09.1999 ਦੇ ਸ਼ਰਤ ਨੰ: 3 ਅਨੁਸਾਰ ਇਸ ਕਰਮਚਾਰੀ ਦੀ ਸੀਨਿਆ | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | | | ਰਤਾ ਨਗਰ ਕੌਂਸਲ ਮੋਹਾਲੀ (ਹੁਣ ਨਗਰ ਨਿਗਮ) ਵਿਖੇ ਜੁਆਇਨਿੰਗ ਦੀ ਮਿਤੀ 14.10.1999 ਤੋਂ ਗਿਣੀ ਗਈ ਹੈ। 2 ਸਾਲ ਦੇ ਸਰਵਿਸ ਵਿੱਚ ਵਾਧੇ ਉਪਰੰਤ | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | | | ਮਿਤੀ 29.02.2016 ਨੂੰ ਰਿਟਾਇਰ ਹੋਇਆ ਹੈ। | |
| | | | 8. | ਸ਼੍ਰੀ ਧਰਮਪਾਲ ਸਿੰਘ | ਸ਼੍ਰੀ ਪ੍ਰੀਤਮ ਸਿੰਘ | ਸਹਾਇਕ ਪੰਪ ਉਪਰੇਟਰ | 15-03-1957 | ਮੈਟਰਿਕ | 02-07-1990 PSIEC | 23-01-2001 | 19-11-1992 | 31-03-2015 | BC | 2 ਸਾਲ ਦੇ ਸਰਵਿਸ ਵਿੱਚ ਵਾਧੇ ਉਪਰੰਤ ਮਿਤੀ 31.05.2017 ਨੂੰ ਰਿਟਾਇਰ ਹੋਇਆ ਹੈ। | |
| | | | 9. | ਸ਼੍ਰੀ ਜਸ | ਸ਼੍ਰੀ ਕਰ | ਪੰਪ ਉਪਰੇ | 05-05-195 | 8 ਵੀਂ ਪਾਸ | 12-11-1991 | 23-01-200 | 19-11-199 | 31-05-2016 | GEN | 2 ਸਾਲ ਦੇ | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | ਬੀਰ ਸਿੰਘ | ਤਾਰ ਸਿੰਘ | ਟਰ | 8 | | PSIEC | 1 | 2 | | | ਸਰਵਿਸ ਵਿੱਚ ਵਾਧੇ ਉਪਰੰਤ ਮਿਤੀ 31.05.2018 ਨੂੰ ਰਿਟਾਇਰ ਹੋਇਆ ਹੈ। | |
| | | | 10. | ਸ਼੍ਰੀ ਰਾਜਿੰਦਰ ਸਿਘ | ਸ਼੍ਰੀ ਲੱਛਮਣ ਸਿੰਘ | ਸਹਾਇਕ ਪੰਪਉਪਰੇਟਰ | 15-03-1959 | ਮੈਟਰਿਕ | 02-07-1990 PSIEC | 23-01-2001 | 19-11-1992 | 31-03-2017 | GEN | 2 ਸਾਲ ਦੇ ਸਰਵਿਸ ਵਿੱਚ ਵਾਧੇ ਉਪਰੰਤ ਮਿਤੀ 31.03.2019 ਨੂੰ ਰਿਟਾਇਰ | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | | | ਹੋਇਆ ਹੈ। | |
| | | | 11. | ਸ੍ਰੀ ਜਸਪਾਲ ਸਿੰਘ | ਸ੍ਰੀ ਪ੍ਰਤਾਪ ਸਿੰਘ | ਸਹਾਇਕ ਪੰਪ ਉਪਰੇਟਰ | 15-04-1962 | ਬੀ ਏ | 02-07-1990 PSIEC | 23-01-2001 | 19-11-1992 | 30-04-2020 | BC | ਦਫ਼ਤਰੀ ਹੁਕਮ ਨੰ: 1914 ਮਿਤੀ 17.09.2020 ਰਾਹੀ ਮਿਤੀ 30.09.2020 ਨੂੰ ਰਿਟਾਇਰ ਹੋਇਆ ਹੈ। | |
| | | | 12. | ਸ੍ਰੀ ਭੁਪਿੰਦਰ ਸਿੰਘ | ਸ੍ਰੀ ਪ੍ਰੀਤਮ ਸਿੰਘ | ਪੰਪ ਉਪਰੇਟਰ | 31-12-1962 | ਮੈਟਰਿਕ, ਡਿਪਲੋਮਾ ਇੰਨ | - | 08-05-2002 | 08-05-2002 | 31-12-2020 | GEN | - | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਮਸ਼ੀਨਿਸ਼ਟ (ਆਈ.ਟੀ.ਆਈ), 01 ਸਾਲ ਦਾ ਇਲੈਕਟ੍ਰੀਕਲ ਟੈਕਨੀਸ਼ੀਅਨ ਡਿਪਲੋਮਾ | | | | | | | |
| | | | 13. | ਸ਼੍ਰੀ ਜਸਪਾਲ ਸਿੰਘ | ਸ਼੍ਰੀ ਗਿਆਨ ਸਿੰਘ | ਪੰਪ ਉਪਰੇਟਰ | 10-06-1964 | ਮੈਟਰਿਕ | - | 08-05-2002 | 08-05-2002 | 30-06-2022 | GEN | - | |
| | | | 14. | ਸ਼੍ਰੀ ਜੰਗ ਸਿੰਘ | ਸ਼੍ਰੀ ਬਲਬੀਰ ਸਿੰਘ | ਪੰਪ ਉਪਰੇਟਰ | 05-05-1965 | ਮੈਟਰਿਕ | - | 08-05-2002 | 08-05-2002 | 31-05-2023 | BC | | |
| | | | 15. | ਸ਼੍ਰੀ ਗੁਰਵਿੰਦਰ | ਸ਼੍ਰੀ ਹਰਬੰਸ ਸਿੰਘ | ਪੰਪ ਉਪਰੇਟਰ | 18-07-1968 | ਬੀ ਏ | - | 08-05-2002 | 08-05-2002 | 31-07-2026 | BC | ਮਿਤੀ 01-09-201 | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | ਸਿੰਘ | | | | | | | | | | 6 ਨੂੰ ਸੈਨੇਟਰੀ ਸੁਪਰਵਾਇਸਰ ਕਾਡਰ ਬਦਲ ਗਿਆ\| | |
| | | | 16. | ਸ਼੍ਰੀ ਜੀਤ ਚੰਦ | ਝਾਂਗੀ ਰਾਮ | ਪੰਪ ਉਪਰੇਟਰ | 03-03-1960 | ਮੈਟਰਿਕ | - | 09-05-2002 | 09-05-2002 | 31-03-2018 | BC | 2 ਸਾਲ ਦੇ ਸਰਵਿਸ ਵਿੱਚ ਵਾਧੇ ਉਪਰੰਤ ਮਿਤੀ 31.03.2020 ਨੂੰ ਰਿਟਾਇ | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | | | ਰ ਹੋਇਆ ਹੈ। | |
| | | | 17. | ਸ੍ਰੀ ਹਰਮਿੰਦਰ ਸਿੰਘ | ਸ੍ਰੀ ਬਲਬੀਰ ਸਿੰਘ | ਪੰਪ ਉਪਰੇਟਰ | 09-12-1961 | ਬੀ ਏ-II | - | 09-05-2002 | 09-05-2002 | 31-12-2019 | GEN | ਮਿਤੀ 11-11-2016 ਨੂੰ ਸੈਨੇਟਰੀ ਸੁਪਰਵਾਇਸਰ ਕਾਡਰ ਬਦਲ ਗਿਆ\| | |
| | | | 18. | ਸ੍ਰੀ ਰਾਜਿੰਦਰ ਸਿੰਘ | ਸ੍ਰੀ ਈਸਰ ਸਿੰਘ | ਪੰਪ ਉਪਰੇਟਰ | 05-06-1971 | ਮੈਟਰਿਕ | - | 09-05-2002 | 09-05-2002 | 30-06-2029 | BC | - | |
| | | | 19. | ਸ੍ਰੀ | ਸ੍ਰੀ | ਪੰਪ | 01-12- | ਮੈਟਰਿਕ | - | 10-05- | 10-05- | 30-11- | BC | - | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | ਜਤਿੰਦਰ ਸਿੰਘ | ਚੰਨਣ ਸਿੰਘ | ਉਪਰੇਟਰ | 1964 | | | 2002 | 2002 | 2022 | | | |
| | | | 20. | ਸ੍ਰੀ ਚਰਨਜੀਤ ਕੁਮਾਰ | ਗੌਰੀ ਸ਼ੰਕਰ | ਪੰਪ ਉਪਰੇਟਰ | 10-06-1967 | ਮੈਟਰਿਕ | - | 11-05-2002 | 11-05-2002 | 30-06-2025 | GEN | - | |
| | | | 21. | ਸ੍ਰੀ ਨਰੇਸ਼ ਕੁਮਾਰ | ਸ੍ਰੀ ਗਰੀਬ ਦਾਸ | ਸਹਾਇਕ ਪੰਪ ਓਪਰੇਟਰ | 20-06-1972 | ਮੈਟਰਿਕ | - | 26-05-2017 | 26-05-2017 | 30-06-2030 | GEN | ਇਸ ਕਰਮਚਾਰੀ ਨੂੰ ਨਗਰ ਨਿਗਮ ਦੇ ਮਤਾ ਨੰ: 205 ਮਿਤੀ 16.12.2016 ਅਤੇ ਦਫ਼ਤਰੀ ਹੁਕ | |

| | | | | | | | | | | | | | | |
|---|---|---|---|---|---|---|---|---|---|---|---|---|---|---|
| | | | | | | | | | | | | | ਮ ਨੰ: 1060 ਮਿਤੀ 26.05.2017 ਰਾਹੀ ਪੰਪ ਅਟੈਂਡੈਂਟ ਤੋ ਸਹਾਇਕ ਪੰਪ ਓਪਰੇਟਰ ਪੱਦਉਨਤ ਕੀਤਾ ਗਿਆ ਸੀ ਅਤੇ ਇਸ ਕਰਮਚਾਰੀ ਵੱਲੋ | |

| | | | | | | | | | | | |
|---|---|---|---|---|---|---|---|---|---|---|---|
| | | | | | | | | | | | ਬਤੌਰ ਸਹਾਇਕ ਪੰਪ ਓਪਰੇਟਰ ਮਿਤੀ 26-05-2017 ਨੂੰ ਜੁਆਇੰਨ ਕੀਤਾ ਸੀ। |

ਨੋਟ :- 1. ਸ੍ਰੀ ਹਰਜਿੰਦਰ ਸਿੰਘ ਪੁੱਤਰ ਬਾਰਾ ਸਿੰਘ, ਪੰਪ ਊਪਰੇਟਰ ਦੇ ਰੈਗੂਲਰ ਹੋਣ ਸਬੰਧੀ ਮਾਮਲਾ ਸਿਵਲ ਰਿਟ ਪਟੀਸ਼ਨ ਨੰ: 6150 ਆਫ਼ 2017 ਰਾਹੀ ਮਾਨਯੋਗ ਹਾਈਕੋਰਟ ਵਿਖੇ ਲੰਬਿਤ ਹੈ। ਇਸਦੀ ਸੀਨੀਆਰਤਾ ਸਬੰਧੀ ਫੈਸਲਾ ਮਾਨਯੋਗ ਹਾਈਕੋਰਟ ਜੀ ਦੇ ਫੈਸਲੇ ਤੋਂ ਬਾਅਦ ਲਿਆ ਜਾਵੇਗਾ।

2. ਟੈਨਟੇਟਿਵ ਸੀਨੀਆਰਤਾ ਸੂਚੀ ਮਿਤੀ 10-06-2022 ਦੇ ਨੋਟ ਵਿੱਚ ਦਰਜ ਸ੍ਰੀ ਮੋਹਨ ਸਿੰਘ ਅਤੇ ਮੋਹਰ ਸਿੰਘ ਦੇ ਰੈਗੂਲਰ ਹੋਣ ਬਾਰੇ ਦਸਤਾਵੇਜ/ਸਬੂਤ ਮਿੱਥੇ ਸਮੇ ਅੰਦਰ ਪ੍ਰਾਪਤ ਨਾ ਹੋਣ ਕਾਰਨ ਇਨ੍ਹਾਂ ਦੋਨੋ ਕਰਮਚਾਰੀਆਂ ਨੂੰ ਉਕਤ ਸੀਨੀਆਰਤਾ ਸੂਚੀ ਵਿੱਚ ਦਰਜ ਨਹੀ ਕੀਤਾ ਗਿਆ ਹੈ।

ਪੰਪ ਓਪਰੇਟਰਾਂ/ਸਹਾਇਕ ਪੰਪ ਓਪਰੇਟਰਾਂ/ਪੰਪ ਡਰਾਇਵਰ (ਗਰੁੱਪ-ਸੀ) ਇੱਕ ਗੈਰ-ਪ੍ਰਾਂਤੀਕਰਨ ਅਸਾਮੀ ਹੈ ਅਤੇ ਗੈਰ-ਪ੍ਰਾਂਤੀਕਰਨ ਅਸਾਮੀਆਂ ਦੇ ਸੇਵਾ ਮਾਮਲਿਆਂ ਨੂੰ ਨਜਿੱਠਣ ਦੇ ਅਧਿਕਾਰ ਨਗਰ ਨਿਗਮ (ਹਾਊਸ) ਪਾਸ ਹਨ। ਇਸ ਲਈ ਕਮੇਟੀ ਵੱਲੋ ਉਕਤ ਅਨੁਸਾਰ ਤਜਵੀਜ਼ ਕੀਤੀ ਗਈ

<table>
<tr><td></td><td></td><td></td><td>ਸੀਨੀਆਤਰਾ ਸੂਚੀ ਅਤੇ ਰਿਪੋਰਟ ਮਿਤੀ 04-10-2022 ਨੂੰ ਪ੍ਰਵਾਨ ਕਰਨ ਅਤੇ ਉਕਤ ਸੀਨੀਆਰਤਾ ਸੂਚੀ ਵਿੱਚ ਦਰਸ਼ਾਏ ਕਰਮਚਾਰੀਆਂ (ਸਕਿਲਡ ਅਤੇ ਸੈਮੀ ਸਕਿਲਡ) ਨੂੰ ਸਰਕਾਰ ਵੱਲੋ ਸਮੇ-ਸਮੇ ਤੇ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਰੋਸ਼ਨੀ ਵਿੱਚ ਸਮੇ-ਸਮੇ 'ਤੇ ਬਣਦੇ ਪੱਦਨਾਮ ਅਤੇ ਰਿਵਾਇਜ਼ਡ ਸਕੇਲ/ਲਾਭ ਦੇਣ ਲਈ ਰਿਪੋਰਟ ਕਮਿਸ਼ਨਰ ਜੀ ਦੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਮਾਨਯੋਗ ਹਾਊਸ ਵਿੱਚ ਵਿਚਾਰ/ਪ੍ਰਵਾਨਗੀ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।</td><td></td></tr>
<tr><td>9)</td><td>159</td><td>10-11-2022</td><td><u>ਨਗਰ ਨਿਗਮ ਵਿਖੇ ਆਊਟਸੋਰਸ ਰਾਹੀਂ (ਡੀ.ਸੀ.ਰੇਟ) ਤੇ ਜੂਨੀਅਰ ਇੰਜੀਨੀਅਰ ਰੱਖਣ ਸਬੰਧੀ।</u><br><br>ਰਿਪੋਰਟ ਇੰਜ: ਸਾਖਾ (O&M) ਕਿ ਵਿਸ਼ੇ ਸਬੰਧੀ ਨਗਰ ਨਿਗਮ ਵੱਲੋਂ ਮਹਿਕਮਾ ਗਮਾਡਾ ਤੋਂ ਟੇਕ ਓਵਰ ਕੀਤੇ ਸੈਕਟਰ-65 ਏ ਬਲਾਕ ਮੈਟੀਰੀਅਲ ਮਾਰਕਿਟ, ਸੈਕਟਰ-66 ਤੋਂ 69, ਸੈਕਟਰ-76 ਤੋਂ 80 ਅਤੇ ਪੀ.ਐਸ.ਆਈ.ਈ.ਸੀ ਤੋਂ ਟੇਕ ਓਵਰ ਕੀਤੇ ਸੈਕਟਰ 74 ਅਤੇ 75 ਵਿਖੇ ਪਬਲਿਕ ਸੇਵਾਵਾਂ ਦੀ ਦੇਖਭਾਲ ਦਾ ਕੰਮ ਓ.ਐਡ.ਐਮ ਸਾਖਾ ਵੱਲੋਂ ਦੇਖਿਆ ਜਾ ਰਿਹਾ ਹੈ। ਓ.ਐਡ.ਐਮ ਸਾਖਾ ਵੱਲੋਂ ਇੰਡ: ਏਰੀਆ ਫੇਜ- 6 ਤੋਂ 9, ਪਿੰਡ ਮੋਹਾਲੀ ਅਤੇ ਕੁਬੰੜਾ ਦੀ ਪਬਲਿਕ ਹੈਲਕ ਸੇਵਾਵਾ ਦਾ ਕੰਮ ਉਪਰੋਕਤ ਸੈਕਟਰ ਟੇਕ ਓਵਰ ਕਰਨ ਤੋਂ ਪਹਿਲਾਂ ਹੀ ਵੇਖਿਆ ਜਾ ਰਿਹਾ ਹੈ। ਉਪਰੋਕਤ ਦਰਸਾਏ ਸਾਰੇ ਸੈਕਟਰਾਂ ਵਿੱਚ ਕੁੱਲ ਤਿੰਨ ਵਾਟਰ ਵਰਕਸ ਹਨ, 76 ਟਿਊਬਵੈਲ, 10000 ਤੋਂ ਉਪਰ ਪਾਣੀ ਅਤੇ ਸੀਵਰੇਜ ਦੇ ਕੁਨੈਕਸ਼ਲ ਹਨ, ਸੀਵਰ ਲਾਈਨ ਦੀ ਲੰਬਾਈ 180.25 ਕਿਲੋਮੀਟਰ ਹੈ ਅਤੇ ਸਟਾਰਮ ਲਾਈਨ ਦੀ ਕੁੱਲ ਲੰਬਾਈ 182.25 ਕਿਲੋ ਮੀਟਰ ਹੈ। ਇਹਨਾ ਸੈਕਟਰਾਂ ਵਿੱਚ ਸੀਵਰ ਸਟਾਰਮ ਦੀ ਦੇਖਭਾਲ ਕਰਨ ਲਈ ਹੇਠ ਲਿਖੀ ਮਸ਼ੀਨਰੀ ਦਾ ਰੱਖ-ਰਖਾਂਵ ਵੀ ਕੀਤਾ ਜਾਂਦਾ ਹੈ:-
<table>
<tr><th>Sr. no.</th><th>Name of Vehicle</th><th>No. of Vehicle</th></tr>
<tr><td>1.</td><td>Diesel Engine</td><td>3</td></tr>
<tr><td>2.</td><td>Water pump 1400LPM Discharge</td><td>2</td></tr>
<tr><td>3.</td><td>Water pump 6000 LPM Discharge</td><td>1</td></tr>
<tr><td>4.</td><td>Truck mounted jetting cum Suction machine</td><td>3</td></tr>
<tr><td>5.</td><td>Mini super suction Machines</td><td>2</td></tr>
<tr><td>6.</td><td>Mini Jetting Machine</td><td>2</td></tr>
<tr><td>7.</td><td>Trolley mounted Mini Jetting Machines</td><td>3</td></tr>
<tr><td>8.</td><td>Grab bucket Machines</td><td>3</td></tr>
<tr><td>9.</td><td>Three-wheeler mounted water pump</td><td>1</td></tr>
<tr><td>10.</td><td>Backhoe loader</td><td>1</td></tr>
<tr><td>11.</td><td>Tractor</td><td>2</td></tr>
<tr><td>12.</td><td>Water Tankers</td><td>11</td></tr>
</table>
ਇਥੇ ਦੱਸਣਯੋਗ ਹੈ ਕਿ ਸਰਕਾਰ ਵੱਲੋਂ ਕੁਝ ਸਮਾਂ ਪਹਿਲਾਂ ਕਾਫੀ ਅਧਿਕਾਰੀਆਂ/ਕਰਮਚਾਰੀਆਂ ਦੀ ਕੀਤੀ ਗਈ ਬਦਲੀ ਉਪਰੰਤ ਨਗਰ ਨਿਗਮ ਵਿਖੇ ਓ.ਐਡ.ਐਮ ਸਾਖਾ ਲਈ ਐਸ.ਡੀ.ਓ.ਦੀ 4 ਪ੍ਰਵਾਨਿਤ ਅਸਾਮੀਆਂ ਵਿਰੁੱਧ ਇੱਕ ਐਸ.ਡੀ.ਓ ਅਤੇ ਜੂਨੀਅਰ ਇੰਜੀਨੀਅਰ ਦੀ 8 ਪ੍ਰਵਾਨਿਤ ਆਸਾਮੀਆਂ ਵਿਰੁੱਧ ਇੱਕ ਜੂਨੀਅਰ ਇੰਜੀਨੀਅਰ ਦੀ ਤੈਨਾਤੀ ਕੀਤੀ ਹੋਈ ਹੈ। ਇਸ ਤਰ੍ਹਾ ਉਪਰੋਕਤ ਸਾਰੇ ਏਰੀਏ ਵਿੱਚ ਪਬਲਿਕ ਹੈਲਥ ਸੇਵਾਵਾ ਦੇਖਣ ਵਿੱਚ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਥੇ ਦੱਸਣਯੋਗ ਹੈ ਕਿ ਓ.ਐਡ.ਐਮ</td><td>ਰੂਲਾਂ ਅਨੁਸਾਰ ਸਰਬ-ਸੰਮਤੀ ਨਾਲ ਪ੍ਰਵਾਨ ਹੈ।</td></tr>
</table>

<table>
<tr><td></td><td></td><td></td><td>
.ਸਾਖਾ ਵਿਖੇ ਕਾਫੀ ਲੰਮੇ ਸਮੇਂ ਤੋਂ ਕੰਮ ਕਰ ਰਹੇ ਕਰਮਚਾਰੀ ਸ਼੍ਰੀ ਅਮਨਦੀਪ ਗੌਰਾ, ਕਲਰਕ ਜੋ ਕਿ ਡਿਪਲੋਮਾ ਇੰਨ ਇਲੈਕਟ੍ਰੋਨਿਕਸ਼ ਐਂਡ ਕਮਿਨੀਕੇਸ਼ਨ ਦੀ ਵਿਦਿਅਕ ਯੋਗਤਾ ਰੱਖਦਾ ਹੈ, ਨੂੰ ਕੰਮ ਦੀ ਮਹੱਤਤਾ ਨੂੰ ਦੇਖਦੇ ਹੋਏ ਜੂਨੀਅਰ ਇੰਜੀਨੀਅਰ ਦੀ ਆਸਾਮੀ ਦਾ ਕਰੰਟ ਡਿਊਟੀ ਚਾਰਜ ਦੇਣ ਤੇ ਵਿਚਾਰ ਕੀਤਾ ਜਾ ਸਕਦਾ ਹੈ। ਨਗਰ ਨਿਗਮ ਵੱਲੋਂ ਗਰੁੱਪ ਏ, ਬੀ ਅਤੇ ਸੀ ਕੈਟਾਗਿਰੀ ਦੀ ਖਾਲੀ ਪਈਆਂ ਪ੍ਰਵਾਨਤ ਅਸਾਮੀਆਂ ਵਿਰੁੱਧ ਮੈਨਪਾਵਰ ਲੈਣ ਲਈ ਈ-ਟੈਂਡਰ ਰਾਂਹੀ ਏਜੰਸੀ ਹਾਇਰ ਕੀਤੀ ਹੋਈ ਹੈ। ਇਸ ਲਈ ਤਜਵੀਜ ਪੇਸ਼ ਕੀਤੀ ਜਾਂਦੀ ਹੈ ਕਿ ਜਦੋਂ ਤੱਕ ਸਰਕਾਰ ਵੱਲੋਂ ਨਗਰ ਨਿਗਮ ਵਿਖੇ ਲੋੜੀਦੇ ਜੂਨੀਅਰ ਇੰਜੀਨੀਅਰ ਦੀ ਤੈਨਾਤੀ ਨਹੀ ਕਰ ਦਿੱਤੀ ਜਾਂਦੀ, ਉਦੋ ਤੱਕ ਸ਼੍ਰੀ ਅਮਨਦੀਪ ਗੋਰਾ, ਕਲਰਕ ਨੂੰ ਜੂਨੀਅਰ ਇੰਜੀਨੀਅਰ ਦੀ ਆਸਾਮੀ ਦਾ ਕਰੰਟ ਡਿਊਟੀ ਚਾਰਜ ਦੇਣ ਅਤੇ ਹੇਠ ਲਿਖੇ ਅਨੁਸਾਰ ਜੂਨੀਅਰ ਇੰਜੀਨੀਅਰਜ ਦੀ ਖਾਲੀ ਪਈ ਅਸਾਮੀਆਂ ਵਿਰੁੱਧ ਡੀ.ਸੀ.ਰੇਟ ਤੇ ਆਊਟਸੋਰਸ ਰਾਂਹੀ ਉਕਤ ਏਜੰਸੀ ਤੋਂ ਜੂਨੀਅਰ ਇੰਜੀਨੀਅਰ ਲੈਣ ਤੇ ਵਿਚਾਰ ਕਰ ਲਿਆ ਜਾਵੇ।
<table>
<tr><th>Sr. no.</th><th>Name of Post</th><th>Education qualification</th><th>Staff category</th><th>Minimum wages</th></tr>
<tr><td>1.</td><td rowspan="2">Junior Engineer</td><td>A person having post graduation degree or any professional degree for example B tech</td><td>A</td><td>14362.72</td></tr>
<tr><td>2.</td><td>Diploma in concerned stream</td><td>B</td><td>12692.72</td></tr>
</table>
ਜੇਕਰ ਉਕਤ ਤਜਵੀਜ ਪ੍ਰਵਾਨ ਹੋਵੇ ਤਾਂ ਮਿਸਲ ਮਾਨਯੋਗ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਕੇਸ ਨਗਰ ਨਿਗਮ ਤੇ ਹਾਊਸ ਵਿਚ ਵਿਚਾਰਨ ਹਿੱਤ ਪੇਸ਼ ਹੈ ਜੀ।<br>
ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।
</td><td></td></tr>
<tr><td>10)</td><td>160</td><td>10-11-2022</td><td>
<u>P/F of outdoor gym equipment / Open gym with platform In Zone-1.</u><br><br>
ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਕੰਮ ਫ਼ਰਮ Neha creations ਨੂੰ ਇਸ ਦਫ਼ਤਰ ਦੇ ਵਰਕ ਆਰਡਰ ਨੰ: 1072 ਮਿਤੀ: 07-01-2022 ਰਾਂਹੀ ਅਲਾਟ ਕੀਤਾ ਗਿਆ ਸੀ। ਇਸ ਕੰਮ ਦੇ ਤਖਮੀਨੇ ਮੁਤਾਬਿਕ Zone-1 ਵਿੱਚ 6 ਸਾਇਟਾਂ ਤੇ open gym ਦੀਆਂ ਮਸ਼ੀਨਾਂ ਲਗਾਈਆਂ ਜਾਣੀਆਂ ਸਨ। ਜਿਹਨਾਂ ਵਿੱਚੋਂ 5 ਸਾਇਟਾ ਤੇ gym ਲਗਾਇਆ ਜਾ ਚੁੱਕਾ ਹੈ ਤੇ ਇਸ ਸਾਇਟ ਦੀ Gym ਰਹਿੰਦੀ ਹੈ। ਇਥੇ ਦੱਸਣਯੋਗ ਹੋਵੇਗਾ ਕਿ zone-1 ਵਿੱਚ ਇੰਡਸਟ੍ਰੀਅਲ ਏਰੀਆ ਫੇਜ-6 ਵਿੱਚ ਪੈਂਦੇ Paraplegic Society ਵੱਲੋਂ ਆਪਣੇ ਪਾਰਕ ਵਿੱਚ ਇੱਕ gym ਲਗਾਉਣ ਲਈ ਬਾਰ-ਬਾਰ ਕਿਹਾ ਜਾ ਰਿਹਾ ਹੈ। ਇਸ ਪਾਰਕ ਵਿੱਚ ਕੰਮ ਕਰਵਾਉਣ ਲਈ ਮਾਨਯੋਗ ਮੇਅਰ ਨਗਰ ਨਿਗਮ ਜੀ ਵੱਲੋਂ ਵੀ ਕਿਹਾ ਗਿਆ ਹੈ।<br>
ਉਕਤ ਸਬੰਧੀ ਦੱਸਿਆ ਜਾਂਦਾ ਹੈ ਕਿ ਇਹ society ਨਗਰ ਨਿਗਮ ਦੇ ਅਧਿਕਾਰ ਖੇਤਰ ਵਿੱਚ ਨਹੀਂ ਪੈਦੀ ਹੈ। ਇਸ ਲਈ society ਵਿੱਚ ਕੰਮ ਨਗਰ ਨਿਗਮ ਐਕਟ ਦੀ ਧਾਰਾ 82(3) ਰਾਂਹੀ ਕਰਵਾਇਆ ਜਾ ਸਕਦਾ ਹੈ। ਲੋਕਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ Paraplegic Society ਵਿੱਚ ਇੱਕ Gym ਲਗਾਉਣ ਲਈ ਮਾਨਯੋਗ ਮੇਅਰ ਸਾਹਿਬ ਵੱਲੋਂ ਆਉਣ ਵਾਲੀ ਹਾਊਸ ਦੀ ਮੀਟਿੰਗ ਵਿੱਚ ਪਾਸ ਹੋਣ ਦੀ ਆਸ ਵਿੱਚ ਲਗਾਉਣ ਦੀ ਪ੍ਰਵਾਨਗੀ ਦਿੱਤੀ ਗਈ ਸੀ।<br>
ਉਕਤ ਕੇਸ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।
</td><td>ਸਰਬ-ਸੰਮਤੀ ਨਾਲ ਪ੍ਰਵਾਨ ਹੈ।</td></tr>
</table>

| | | | | |
|---|---|---|---|---|
| 11) | 161 | 10-11-2022 | **<u>Annual Maintenance of Street light in village Sohana, Kumbra, M.C building, Store, Cow shelter, phase-10 Library, Fire brigade, Night shelter on DC rates. (E/c: 13.48 lacs).</u>**<br><br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਵੱਲੋਂ ਆਪਣੇ ਵਰਕ ਆਰਡਰ ਨੰ: 763 ਮਿਤੀ: 01-09-2021 ਰਾਂਹੀ A.J Associates ਨੂੰ ਉਕਤ ਕੰਮ ਅਲਾਟ ਕੀਤਾ ਗਿਆ ਸੀ। ਮੌਕੇ ਤੇ ਉਕਤ ਕੰਮ ਏਜੰਸੀ ਵੱਲੋਂ ਕੀਤਾ ਜਾ ਰਿਹਾ ਹੈ। ਵਿਸ਼ੇ ਅਧੀਨ ਕੰਮ ਲੇਂਬਰ ਦੀ ਸਪਲਾਈ ਦਾ ਕੰਮ ਹੈ। ਇਥੇ ਦੱਸਿਆ ਜਾਂਦਾ ਹੈ ਕਿ ਸਰਕਾਰ ਵੱਲੋਂ ਮਿਤੀ: 30-11-2021 ਰਾਹੀਂ (ਕਾਪੀ ਨਾਲ ਨੱਥੀ) ਡੀ.ਸੀ.ਰੇਟ ਮਿਤੀ: 01-03-2020 ਤੋਂ revised ਕੀਤੇ ਗਏ ਸਨ, ਜਿਸ ਅਧੀਨ ਲੇਂਬਰ ਨੂੰ ਇਸ ਸਮੇਂ ਤੋਂ revised ਕੀਤੇ ਡੀ.ਸੀ.ਰੇਟ ਦਾ arrear ਦਿੱਤਾ ਜਾਣਾ ਹੈ। ਇਥੇ ਦੱਸਿਆ ਜ਼ਾਂਦਾ ਹੈ ਕਿ ਲੇਬਰ ਵੱਲੋਂ revised ਕੀਤੇ ਡੀ.ਸੀ ਰੇਟ ਦੇ arrear ਦੀ ਮੰਗ ਕੀਤੀ ਜਾ ਰਹੀ ਹੈ। ਏਜੰਸੀ ਵੱਲੋਂ ਪਿਛਲੇ ਸਾਲ 2020-21 ਦਾ ਲੇਬਰ ਸਪਲਾਈ ਦਾ ਕੰਮ ਇਸ ਏਜੰਸੀ ਵੱਲੋਂ ਹੀ ਕੀਤਾ ਗਿਆ ਹੈ, ਜੋ ਕਿ ਖ਼ਤਮ ਹੋ ਚੁੱਕਾ ਹੈ। ਇਥੇ ਦੱਸਿਆ ਜ਼ਾਦਾ ਹੈ ਕਿ ਏਜੰਸੀ A.J Associates ਪਿਛਲੇ 2 ਸਾਲਾਂ ਤੋਂ ਲਗਾਤਾਰ ਲੇਬਰ ਸਪਲਾਈ ਦਾ ਕੰਮ ਕੀਤਾ ਜਾ ਰਿਹਾ ਹੈ, ਇਸ ਲਈ ਸਰਕਾਰ ਵੱਲੋਂ revised ਕੀਤੇ ਗਏ ਡੀ.ਸੀ.ਰੇਟ ਦੇ arrear ਦੀ ਅਦਾਇਗੀ ਮਿਤੀ: 01-07-2020 ਤੋਂ 31-08-2021 ਤੱਕ ਇਸ ਏਜੰਸੀ ਵੱਲੋਂ ਹੀ ਕੀਤੀ ਜਾਣੀ ਬਣਦੀ ਹੈ। ਇਸ ਏਜੰਸੀ ਵੱਲੋਂ ਵਿਸ਼ੇ ਅਧੀਨ ਚੱਲਦੇ ਕੰਮ ਵਿੱਚੋਂ ਲੇਬਰ ਨੂੰ revised ਕੀਤੇ ਗਏ ਡੀ.ਸੀ.ਰੇਟ ਦੇ arrear ਨੂੰ ਦੇਣ ਲਈ ਤਖਮੀਨੇ ਦੀ ਅਲਾਟਡ ਰਕਮ ਵਿੱਚ 25% ਰਕਮ 3,30,260/- ਰੁਪਏ ਦਾ ਵਾਧਾ ਕੀਤਾ ਜਾਣਾ ਹੈ। ਉਕਤ ਤਖਮੀਨੇ ਵਿੱਚ 25% ਰਕਮ 3,30,260/- ਦਾ ਵਾਧਾ ਕਰਨ ਲਈ ਰਿਪੋਰਟ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | ਸਰਬ-ਸੰਮਤੀ ਨਾਲ ਪ੍ਰਵਾਨ ਹੈ। |

<table>
<tr><td>12)</td><td>162</td><td>10-11-2022</td><td><u>ਇੰਜੀਨੀਅਰਿੰਗ ਸਾਖਾ ਵੱਲੋਂ ਹੇਠ ਲਿਖੇ ਤਖਮੀਨੇ ਤਿਆਰ ਕੀਤੇ ਗਏ ਹਨ, ਜੋ ਕਿ ਪ੍ਰਸ਼ਾਸ਼ਕੀ ਪ੍ਰਵਾਨਗੀ ਹਿੱਤ ਪੇਸ਼ ਹਨ:-</u>
<table>
<tr><th>ਲੜੀ ਨੰ:</th><th>ਤਖਮੀਨੇ ਦਾ ਨਾਮ</th><th>ਅਨੁਮਾਨਤ ਲਾਗਤ</th></tr>
<tr><td>1.</td><td>R/C Estimate for operation & maintenance toilet blocks situated in Zone no.1 (Resi. Ph-1, 2,6, vill: madanpura, vill: mohali, ind: area ph-6 (Workers no. 80 and chowkidar no. 16) Sahibzadad Ajit Singh Nagar (Mohali).</td><td>1,77,79,679/-</td></tr>
<tr><td>2.</td><td>R/C Estimate for operation & maintenance toilet blocks situated in Zone no.2 (Ph-3A, 3B1, 3B2, 4,7 and 8), Ind: area Ph-1,2,3) (Workers no. 80 and chowkidar no. 12) Sahibzadad Ajit Singh Nagar (Mohali).</td><td>1,77,11,675/-</td></tr>
<tr><td>3.</td><td>R/C Estimate for operation & maintenance toilet blocks situated in Zone no. 3 (Sec-48C, Ph-9,10, and 11, Sec-66,67,68,69 Ind: area Ph-9) of Sahibzadad Ajit Singh Nagar (Mohali).</td><td>1,82,01,060/-</td></tr>
<tr><td>4.</td><td>R/C Estimate for operation & maintenance toilet blocks situated in Zone no. 4 (Sec-70,71,76 to 80, Ph-5 Vill: Sahimajar, Sohana, mattaur) Total no. 112 and workers and no. 20) of Sahibzadad Ajit Singh Nagar (Mohali).</td><td>2,44,90,749/-</td></tr>
</table></td><td>ਸਰਬ-ਸੰਮਤੀ ਨਾਲ ਪ੍ਰਵਾਨ ਹੈ।</td></tr>
<tr><td>13)</td><td>163</td><td>10-11-2022</td><td><u>ਹੇਠ ਲਿਖੇ ਅਨੁਸਾਰ ਟੇਂਬਲ ਆਇਟਮਾਂ ਮੇਅਰ ਸਾਹਿਬ ਜੀ ਦੀ ਆਗਿਆ ਨਾਲ।</u><br><br><u>ਨਗਰ ਨਿਗਮ, ਐਸ.ਏ.ਐਸ ਨਗਰ ਵੱਲੋਂ ODF+/ ODF++ ਅਧੀਨ Water + Certification ਵਿੱਚ ਭਾਗ ਲੈਣ ਸਬੰਧੀ।</u><br><br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜ਼ਾਂਦਾ ਹੈ ਕਿ ਨਗਰ ਨਿਗਮ, ਐਸ.ਏ.ਐਸ ਨਗਰ ਵੱਲੋਂ ODF+/ ODF++ ਅਧੀਨ Water + Certification ਵਿਚ ਭਾਗ ਲਿਆ ਜਾਣਾ ਹੈ। ਇਸ ਲਈ Ministery of Housing and Urban Affairs Swachh Bharat Mission (Urban) SBM Water Plus Protocol ਅਧੀਨ ਨਗਰ ਨਿਗਮ ਵੱਲੋਂ SBM ਅਧੀਨ ਅਪਲਾਈ ਕੀਤਾ ਜਾਣਾ ਹੈ। ਇਸ ਸਬੰਧੀ ਪਬਲਿਕ ਦੇ ਸੂਚਿਤ/ਸੁਝਾਅ ਲੈਣ ਸਬੰਧੀ ਪਬਲਿਕ ਨੋਟਿਸ ਜਾਰੀ ਕਰਨ ਅਤੇ ਕੇਸ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।</td><td>ਸਰਬ-ਸੰਮਤੀ ਨਾਲ ਪ੍ਰਵਾਨ ਹੈ।</td></tr>
</table>

| | | | | |
|---|---|---|---|---|
| 14) | 164 | 10-11-2022 | **(ਦਫ਼ਤਰ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ) ਆਰ.ਐਮ.ਸੀ.ਪੁਆਇਟਾਂ ਤੇ ਬਣਾਈ ਜਾ ਰਹੀ ਖਾਦ ਦੇ ਰੇਟ ਫਿਕਸ ਕਰਨ ਸਬੰਧੀ।**<br><br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਆਰ.ਐਮ.ਸੀ.ਪੁਆਇੰਟਾਂ ਤੋਂ ਤਿਆਰ ਹੋਣ ਵਾਲੀ ਖਾਦ ਦੇ ਰੇਟ ਫਿਕਸ ਕਰਨ ਸਬੰਧੀ ਮਾਨਯੋਗ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਹੁਕਮ ਕੀਤੇ ਗਏ ਹਨ। ਜਿਸਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਦੇ ਆਰ.ਐਮ.ਸੀ.ਪੁਆਇੰਟਾ ਤੇ ਸਵੱਛ ਭਾਰਤ ਅਭਿਆਨ ਅਧੀਨ ਗਿੱਲੇ ਕੂੜੇ ਤੋਂ ਖਾਦ ਬਣਾਈ ਜਾ ਰਹੀ ਹੈ। ਪਹਿਲਾਂ ਇਸ ਖਾਦ ਦੀ ਮਾਤਰਾ ਥੋੜੀ ਹੋਣ ਕਾਰਨ ਇਸਨੂੰ ਨਗਰ ਨਿਗਮ ਦੇ ਪਾਰਕਾਂ ਵਿੱਚ ਫੁੱਲ ਬੂਟਿਆਂ ਲਈ ਵਰਤ ਲਿਆ ਜਾਂਦਾ ਸੀ। ਪਰ ਹੁਣ ਸੈਗਰੀਗੇਸ਼ਨ ਦੇ ਕੰਮ ਵਿੱਚ ਤੇਜੀ ਆਉਣ ਕਾਰਨ ਇਸ ਖਾਦ ਦੀ ਮਾਤਰਾ ਬਹੁਤ ਵੱਧ ਗਈ ਹੈ। ਜਿਸਨੂੰ ਸਟੋਰ ਕਰਨ ਵਿੱਚ ਮੁਸ਼ਕਿਲ ਆ ਰਹੀ ਹੈ ਅਤੇ ਆਮ ਪਬਲਿਕ ਵੱਲੋਂ ਵੀ ਨਗਰ ਨਿਗਮ ਦੁਆਰਾ ਬਣਾਈ ਜਾ ਰਹੀ ਖਾਦ ਦੀ ਖਰੀਦ ਕਰਨ ਸਬੰਧੀ ਡਿਮਾਂਡ ਕੀਤੀ ਜਾ ਰਹੀ ਹੈ। ਇਸ ਲਈ ਖਾਦ ਨੂੰ ਆਮ ਪਬਲਿਕ ਵਿੱਚ ਪੁੱਜਦਾ ਕਰਨ ਲਈ ਇਸਦੇ ਚੋਣ ਨਿਰਧਾਰਤ ਕਰਨੇ ਜਰੂਰੀ ਹਨ। ਇਸ ਸਬੰਧੀ ਨਿਰਧਾਰਤ ਕਰਨੇ ਜਰੂਰੀ ਹਨ। ਇਸ ਸਬੰਧੀ ਨਗਰ ਕੌਸਲ, ਖਰੜ ਤੋਂ ਖਾਦ ਦੇ ਰੇਟ ਪੁੱਛੇ ਗਏ ਹਨ। ਇਥੇ ਆਪ ਜੀ ਨੂੰ ਇਹ ਵੀ ਦੱਸਿਆ ਜ਼ਾਂਦਾ ਹੈ ਕਿ ਨਗਰ ਨਿਗਮ ਵੱਲੋਂ ਖਾਦ ਤਿਆਰ ਕਰਕੇ ਵੇਚਣ ਨਾਲ ਨਗਰ ਨਿਗਮ ਨੂੰ ਇਨਕਮ ਹੋਵੇਗੀ ਅਤੇ ਸਵੱਛ ਭਾਰਤ ਅਭਿਆਨ ਅਧੀਨ ਇਸਦੇ ਨੰਬਰ ਵੀ ਮਿਲਣਗੇ।<br>ਇਸ ਲਈ ਹੇਠ ਲਿਖੇ ਅਨੁਸਾਰ ਰੇਟਾਂ ਤੇ ਵਿਚਾਰ ਕਰਨਾ ਉਚਿਤ ਹੋਵੇਗਾ<br>* 1 ਤੋਂ 10 ਕਿਲੋ ਤੱਕ 5 ਰੁਪਏ ਪ੍ਰਤੀ ਕਿਲੋ<br>* 10 ਕਿੱਲੋਂ ਤੋਂ ਉਪਰ 4 ਰੁਪਏ ਪ੍ਰਤੀ ਕਿਲੋ ਹਿਸਾਬ ਨਾਲ ਵੇਚਣਾ ਉਚਿਤ ਹੋਵੇਗਾ ਜੀ।<br><br>ਇਸ ਲਈ ਨਗਰ ਨਿਗਮ ਵੱਲੋਂ ਤਿਆਰ ਕੀਤੀ ਗਈ ਖਾਦ ਦੇ ਰੇਟ ਉਕਤ ਅਨੁਸਾਰ ਵਿਚਾਰਨ ਹਿੱਤ ਕੇਸ ਮਾਨਯੋਗ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਮਾਨਯੋਗ ਹਾਊਸ ਦੀ ਪ੍ਰਵਾਨਗੀ ਲੈਣ ਹਿੱਤ ਪੇਸ਼ ਹੈ ਜੀ। ਰਿਪੋਰਟ ਯੋਗ ਹੁਕਮਾਂ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | **ਸਰਬ-ਸੰਮਤੀ ਨਾਲ ਪ੍ਰਵਾਨ ਹੈ।** |
| 15) | 165 | 10-11-2022 | **ਸਾਹਿਬਜਾਦਾ ਅਜੀਤ ਸਿੰਘ ਨਗਰ ਮੋਹਾਲੀ ਨੂੰ ਗਾਰਬੇਜ਼ ਫਰੀ ਸਿਟੀ 3 ਸਟਾਰ ਘੋਸ਼ਿਤ ਕਰਨ ਸਬੰਧੀ।**<br><br>ਰਿਪੋਰਟ ਸੈਨੀਟੇਸ਼ਨ ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਦਾ ਹੈ ਕਿ ਮੋਹਾਲੀ ਸ਼ਹਿਰ ਨੂੰ ਗਾਰਬੇਜ਼ ਫਰੀ ਸਿਟੀ 3 ਸਟਾਰ ਘੋਸ਼ਿਤ ਕਰਨ ਲਈ ਮਾਪਦੰਡਾਂ ਅਨੁਸਾਰ ਕੀਤੀ ਗਈ ਕਾਰਵਾਈ ਸਬੰਧੀ ਪ੍ਰਵਾਨਗੀ ਨਗਰ ਨਿਗਮ ਦੇ ਹਾਊਸ ਦੀ ਮੀਟਿੰਗ ਦੇ ਮਤਾ ਨੰ. 557 ਮਿਤੀ 10-09-2019 ਰਾਹੀ ਲਈ ਗਈ ਸੀ।ਹੁਣ ਗਾਰਬੇਜ਼ ਫਰੀ ਸਿਟੀ 3 ਸਟਾਰ ਘੋਸ਼ਿਤ ਕਰਨ ਲਈ ਮਨਿਸਟਰੀ ਆਫ **ਹਾਊਸਿੰਗ ਐਂਡ ਅਰਬਨ ਅਫੇਅਰਜ, ਭਾਰਤ ਸਰਕਾਰ** ਵੱਲੋਂ ਨਿਰਧਾਰਤ ਮਾਪਦੰਡਾਂ ਅਨੁਸਾਰ ਨਗਰ ਨਿਗਮ ਵੱਲੋਂ ਮਾਪਦੰਡ 100% ਨਿਰਧਾਰਤ ਕਰਨ ਦਾ ਟੀਚਾ ਰੱਖਿਆ ਗਿਆ ਹੈ।ਜਿਸ ਵਿੱਚੋਂ 52% ਮਾਪੰਦਡ ਨਗਰ ਨਿਗਮ ਵੱਲੋਂ ਨਿਰਧਾਰਤ ਕਰ ਲਏ ਗਏ ਹਨ।ਹੁਣ ਨਗਰ ਨਿਗਮ ਦੀ ਸੈਨੀਟੇਸ਼ਨ ਸ਼ਾਖਾ ਵੱਲੋਂ ਉਕਤ ਕਾਰਵਾਈ ਕਰਦੇ ਹੋਏ ਸੌਲਿਡ ਵੇਸਟ ਮੈਨੇਜਮੇਟ ਰੂਲ 2016 ਅਨੁਸਾਰ ਗਾਰਬੇਜ਼ ਨੂੰ ਡੋਰ-ਟੂ-ਡੋਰ ਕੁਲੈਕਸ਼ਨ ਕਰਨਾ, ਵੈਸਟ ਪ੍ਰੋਸੈਸਿੰਗ ਕਰਨਾ, ਬਲਕ ਵੇਸਟ ਜਨਰੇਟਰਾਂ ਦਾ ਆਪਣੇ ਅਦਾਰੈ ਅੰਦਰ ਹੀ ਕੂੜੇ ਦਾ ਨਿਪਟਾਰਾਂ ਕਰਨਾ,ਡੋਰ-ਟੂ-ਡੋਰ ਵਾਰਡ ਲੈਵਲ ਸੈਗਰੀਗੈਸ਼ਨ ਐਟ ਸੋਰਸ,ਪਬਲਿਕ ਅਤੇ ਕਮਰਸ਼ੀਅਲ ਏਰੀਏਦੀ ਸਫਾਈ ਕਰਨਾ, ਸ਼ਹਿਰ ਵਿੱਚ 50 ਤੋਂ 100 ਮੀਟਰ ਦੇ ਘੇਰੇ | **ਸਰਬ-ਸੰਮਤੀ ਨਾਲ ਪ੍ਰਵਾਨ ਹੈ।** |

| | | | | |
|---|---|---|---|---|
| | | | ਵਿੱਚ ਲਿਟਰ ਬਿਨਜ ਲਗਾਉਣੇ, ਯੂਜਰ ਫੀਸ ਚਾਰਜਿਜਸ, ਪਲਾਸਟਿਕ ਬੈਨ, ਪੈਨਲਟੀ/ਸਪਾਟ ਫਾਈਨ,ਸੀ.ਐਂਡ.ਡੀ ਵੇਸਟ ਫੈਸੀਲਿਟੀ ਅਤੇ ਗਿੱਲੇ ਕੂੜੇ ਦੀ ਕੰਪੋਸਟਿੰਗ ਤਿਆਰ ਕਰਨਾ ਆਦਿ ਕਰਕੇ ਸੈਗਰੀਗੇਸ਼ਨ ਐਟ ਸੋਰਸ ਦਾ ਮਾਪੰਦਡ ਨਿਰਧਾਰਤ ਕਰ ਲਿਆ ਗਿਆ ਹੈ।<br>ਉਕਤ ਨੂੰ ਮੁੱਖ ਰੱਖਦੈ ਹੋਏੈ ਗਾਰਬੇਜ਼ ਫਰੀ ਸਿਟੀ 3 ਸਟਾਰ ਘੋਸ਼ਿਤ ਕਰਨ ਅਤੇ ਪਬਲਿਕ ਪਾਸੋ ਇਤਰਾਜ ਲੈਣ ਸਬੰਧੀ ਅਖਬਾਰ ਵਿੱਚ 15 ਦਿਨਾਂ ਦਾ ਪਬਲਿਕ ਨੋਟਿਸ ਦੇਣ ਦੀ ਪ੍ਰਵਾਨਗੀ ਲੈਣ ਲਈ ਕਮਿਸ਼ਨਰ,ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਮਾਨਯੋਗ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 16) | 166 | 10-11-2022 | **ਸਿਲਵੀ ਪਾਰਕ ਫੇਜ਼-10, ਐਸ.ਏ.ਐਸ ਨਗਰ ਸਥਿਤ ਕੰਟੀਨ ਦਾ ਇਕਰਾਰਨਾਮਾ ਮਿਤੀ 01.11.2019 ਤੋਂ 31.10.2022 ਦੀ ਮਿਆਦ ਨੂੰ ਵਧਾਉਣ ਸਬੰਧੀ ਅਤੇ ਅਦਾ ਕੀਤੇ ਗਏ ਕਿਰਾਏ ਦੀ ਐਨ.ਓ.ਸੀ ਜਾਰੀ ਕਰਨ ਸਬੰਧੀ।**<br>ਰਿਪੋਰਟ ਤਹਿਬਜਾਰੀ ਸਾਖਾ ਕਿ ਵਿਸ਼ੇ ਸਬੰਧੀ ਸ਼੍ਰੀਮਤੀ ਨੀਰੂ ਖੱਟਰ, ਮਕਾਨ ਨੰ: 35/1, ਬਲਾਕ-ਬੀ, ਸ਼ਿਵਲਤਾ ਗਰੀਜ਼, ਵੈਵ ਸਟੇਟ, ਸੈਕਟਰ-85, ਮੋਹਾਲੀ ਵੱਲੋਂ ਮਿਤੀ: 25.07.2022 ਰਾਂਹੀ ਪੱਤਰ ਪ੍ਰਾਪਤ ਹੋਈਆ ਹੈ, ਜਿਸ ਵਿੱਚ ਉਨ੍ਹਾਂ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਉਨ੍ਹਾਂ ਵੱਲੋਂ ਸਿਲਵੀ ਪਾਰਕ ਫੇਜ਼-10 ਵਿਖੇ ਬਣੀ ਕੰਟੀਨ ਮਿਤੀ 01.11.2019 ਤੋਂ ਚੱਲਾਈ ਜਾ ਰਹੀ ਹੈ ਅਤੇ ਨਗਰ ਨਿਗਮ ਨਾਲ ਕੀਤੇ ਗਏ ਇਕਰਾਰਨਾਮੇ ਅਨੁਸਾਰ ਇਸ ਠੇਕੇ ਦੀ ਮਿਆਦ ਮਿਤੀ 31.10.2022 ਤੱਕ ਦੀ ਹੈ। ਇਸ ਇਕਰਾਰਨਾਮੇ ਤਹਿਤ ਮੈਂ ਸਾਰੀਆਂ ਸ਼ਰਤਾ ਨੂੰ ਪੂਰਾ ਕਰਦੇ ਹੋਏ ਕੰਟੀਨ ਚੱਲਾ ਰਹੀ ਹਾਂ ਅਤੇ ਕਰੋਨਾ ਮਹਾਂਮਾਰੀ ਅਤੇ ਲਾਕਡਾਊਨ ਹੋਣ ਕਾਰਨ ਤਿੰਨ ਸਾਲਾਂ ਵਿੱਚੋਂ ਲੱਗਭਗ ਦੋ ਸਾਲ ਕੰਮ ਵੀ ਨਹੀਂ ਚੱਲ ਸਕਿਆ ਅਤੇ ਮੈਂ ਨਗਰ ਨਿਗਮ ਨੂੰ ਪੂਰਾ ਕਿਰਾਇਆ 01.11.2019 ਤੋਂ 01.07.2022 ਤੱਕ ਅਦਾ ਕੀਤਾ ਹੈ ਅਤੇ ਬਿਜਲੀ ਆਦਿ ਦੇ ਹੋਰ ਸਾਰੇ ਖਰਚੇ ਵੀ ਭਰੇ ਹਨ। ਇਸ ਲਈ ਉਨ੍ਹਾਂ ਵੱਲੋਂ ਬੇਨਤੀ ਗਈ ਹੈ ਕਿ ਹੁਣ ਉਨ੍ਹਾਂ ਨੂੰ ਨਵਾਂ ਇਕਰਾਰਨਾਮਾ ਤਿੰਨ ਸਾਲਾਂ ਦੀ ਥਾਂ ਪੰਜ ਸਾਲ ਦਾ ਕਰਕੇ ਦਿੱਤਾ ਜਾਵੇ ਤਾਂ ਜੋ ਮੈਂ ਆਪਣੇ ਨੁਕਸਾਨ ਨੂੰ ਪੂਰਾ ਕਰ ਸਕਾਂ ਅਤੇ ਨਾਲ ਹੀ ਨਗਰ ਨਿਗਮ ਵੱਲੋਂ ਮੈਨੂੰ ਮੇਰੇ ਵੱਲੋਂ ਅਦਾ ਕੀਤੇ ਗਏ ਕਿਰਾਏ ਦੇ ਸਬੰਧ ਵਿੱਚ ਐਨ.ਓ.ਸੀ ਜਾਰੀ ਕੀਤਾ ਜਾਵੇ। ਮੈਂ ਆਪ ਜੀ ਨੂੰ ਇਹ ਵੀ ਦੱਸਣਾ ਚਾਹੁੰਦੀ ਹਾਂ ਕਿ ਮੇਰੇ ਵੱਲੋਂ ਇਕਰਾਰਨਾਮੇ ਵਿੱਚ ਲਿਖਿਆਂ ਗਇਆਂ ਸ਼ਰਤਾ ਦੀ ਪਾਲਣਾ ਕੀਤੀ ਹੈ ਅਤੇ ਕੰਟੀਨ ਦੀ ਬਿਲਡਿੰਗ ਦਾ ਪੂਰਾ ਧਿਆਨ ਰੱਖਿਆ ਹੈ ਅਤੇ ਨਾਲ ਹੀ ਕਈ ਲੋਕਾਂ ਨੂੰ ਰੋਜ਼ਗਾਰ ਵੀ ਮੁਹੱਈਆ ਕਰਵਾਇਆ ਗਿਆ ਹੈ।<br>ਉਕਤ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਵੱਲੋਂ ਸਿਲਵੀ ਪਾਰਕ ਫੇਜ਼-10 ਵਿਖੇ ਬਣਾਈ ਗਈ ਕੰਟੀਨ ਜੋ ਕਿ ਕਾਫੀ ਸਮੇਂ ਤੋਂ ਖਾਲ੍ਹੀ ਪਈ ਸੀ ਨੂੰ ਮਿਤੀ 01.11.2019 ਤੋਂ 31.10.2022 ਤੱਕ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਹਾਊਸ ਦੀ ਪ੍ਰਵਾਨਗੀ ਨਾਲ ਸਰਕਾਰ ਦੀ ਪ੍ਰਵਾਨਗੀ ਮਿਲਣ ਤੋਂ ਬਾਅਦ ਸ਼੍ਰੀਮਤੀ ਨੀਰੂ ਖਟਰ ਨੂੰ ਇਹ ਕੰਟੀਨ 3 ਸਾਲਾਂ ਲਈ ਪ੍ਰਤੀ ਮਹੀਨਾ 22000/- ਰੁਪਏ ਕਿਰਾਇਆ (10 | ਹਾਊਸ ਵੱਲੋਂ ਸਰਬ-ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਇਕਰਾਰਨਾਮੇ ਦੀ ਸ਼ਰਤਾਂ ਅਨੁਸਾਰ ਹਾਲ ਦੀ ਘੜੀ 1 ਸਾਲ ਦਾ ਵਾਧਾ 10% ਵਾਧੇ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਪ੍ਰਤੀਸ਼ਤ ਵਾਧਾ ਹਰ ਸਾਲ) ਅਤੇ 18% ਜੀ.ਐਸ.ਟੀ ਅਲਗ ਤੋਂ ਠੇਕੇ ਤੇ ਦਿੱਤੀ ਗਈ ਸੀ। ਜਿਵੇਂ ਕਿ ਸ਼੍ਰੀਮਤੀ ਨੀਰੂ ਖੱਟਰ ਵੱਲੋਂ ਉਕਤ ਬੇਨਤੀ ਪੱਤਰ ਵਿੱਚ ਬੇਨਤੀ ਕੀਤੀ ਗਈ ਸੀ ਕਿ ਉਨ੍ਹਾਂ ਨੂੰ ਮਿਤੀ 01.11.2019 ਤੋਂ ਮਿਤੀ 01.07.2022 ਤੱਕ ਜਮ੍ਹਾਂ ਕਰਵਾਏ ਗਏ ਕਿਰਾਏ ਸਬੰਧੀ ਐਨ.ਓ.ਸੀ ਜਾਰੀ ਕੀਤਾ ਗਿਆ, ਇਸ ਸਬੰਧੀ ਦਫਤਰੀ ਰਿਕਾਰਡ ਚੈੱਕ ਕੀਤਾ ਗਿਆ ਤਾਂ ਪਾਇਆ ਗਿਆ ਕਿਮਿਤੀ 01.11.2019 ਤੋਂ ਮਿਤੀ 01.07.2022 ਦੇ ਸਮੇਂ ਦੋਰਾਨ ਸ਼੍ਰੀਮਤੀ ਨੀਰੂ ਖੱਟਰ ਵੱਲੋਂ ਮਾਹ ਮਈ, ਜੂਨ, ਜੁਲਾਈ ਅਤੇ ਅਗਸਤ 2020 (ਕਰੋਨਾ ਮਾਹਾਮਾਰੀ ਦੇ ਦੋਰਾਨ) ਦਾ ਕਿਰਾਇਆ ਜਮ੍ਹਾ ਨਹੀਂ ਕਰਵਾਇਆ ਗਿਆ ਸੀ। ਜਿਸ ਦੇ ਸਬੰਧ ਵਿੱਚ ਇਸ ਦਫਤਰ ਵੱਲੋਂ ਪੱਤਰ ਨੰ. 4842 ਮਿਤੀ 01.09.2022 ਰਾਹੀਂ ਸ਼੍ਰੀਮਤੀ ਨੀਰੂ ਖੱਟਰ ਨੂੰ ਇਨ੍ਹਾਂ ਮਹੀਨਿਆਂ ਦਾ ਕਿਰਾਇਆ ਜਮ੍ਹਾਂ ਕਰਵਾਉਣ ਲਈ ਲਿਖਿਆ ਗਿਆ ਸੀ। ਸ਼੍ਰੀਮਤੀ ਨੀਰੂ ਖੱਟਰ ਵੱਲੋਂ ਆਪਣੇ ਮਿਤੀ 06.09.2022 ਰਾਹੀਂ ਮਾਹ ਮਈ, ਜੂਨ, ਜੁਲਾਈ ਅਤੇ ਅਗਸਤ 2020 ਦਾ ਕਿਰਾਇਆ ਜਮ੍ਹਾਂ ਕਰਵਾਉਂਦੇ ਹੋਏ ਇਹ ਵੀ ਬੇਨਤੀ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਕੋਵਿਡ-19 ਦੋਰਾਨ ਲੋਕਾਂ ਨੂੰ ਕਾਫੀ ਚੀਜਾਂ ਵਿੱਚ ਰਿਹਾਇਤ ਦਿੱਤੀ ਗਈ ਸੀ, ਜਿਵੇਂ ਕਿ ਨਗਰ ਨਿਗਮ, ਐਸ.ਏ.ਐਸ ਨਗਰ ਵਿਖੇ ਆਮ ਜਨਤਾ ਵੱਲੋਂ ਕਮਿਊਨਟੀ ਸੈਂਟਰਾ ਵਿਖੇ ਬੁੱਕ ਕਰਵਾਏ ਗਏ ਫੰਗਸ਼ਨ, ਜੋ ਕਿ ਕੋਵਿਡ-19 ਕਰਕੇ ਨਹੀਂ ਹੋ ਪਾਏ ਸੀ, ਉਨ੍ਹਾਂ ਦੀ ਬੁਕਿੰਗ ਫੀਸ ਰੀਫੰਡ ਕੀਤੀ ਗਈ ਸੀ ਅਤੇ ਉਨ੍ਹਾਂ ਵੱਲੋਂ ਵੀ ਮਾਹ ਮਈ, ਜੂਨ, ਜੁਲਾਈ ਅਤੇ ਅਗਸਤ 2020 ਵਿੱਚ ਕੰਟੀਨ ਨਹੀਂ ਚੱਲਾਈ ਗਈ ਸੀ। ਇਸ ਲਈ ਉਨ੍ਹਾਂ ਨੂੰ ਵੀ ਕੋਵਿਡ 19 ਮਹਾਮਾਰੀ ਕਰੇਕ ਲਾਕਡਾਊਨ ਅਤੇ ਕਰਫਿਓ ਦੋਰਾਨ ਕੰਟੀਨ ਦਾ ਜਮ੍ਹਾਂ ਕਰਵਾਇਆ ਗਿਆ ਕਿਰਾਇਆ ਰੀਫੰਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਅਤੇ ਉਨ੍ਹਾਂ ਦਾ ਨਵਾਂ ਇਕਰਾਰਨਾਮਾ ਤਿੰਨ ਸਾਲਾਂ ਦੀ ਥਾਂ ਤੇ ਪੰਜ ਸਾਲਾ ਦਾ ਕੀਤਾ ਜਾਵੇ ਤਾਂ ਜੋ ਕਿ ਉਨ੍ਹਾਂ ਵੱਲੋਂ ਕਰੋਨਾ ਮਾਹਾਮਾਰੀ ਕਰਕੇ 2 ਸਾਲ ਕੰਮ ਨਾ ਚੱਲਣ ਕਰਕੇ ਹੋਏ ਨੁਕਸਾਨ ਦੀ ਭਰਮਾਈ ਕੀਤੀ ਜਾ ਸਕੇ ।<br>ਇਹ ਰਿਕਾਰਡ ਦੀ ਗੱਲ ਹੈ ਕਿ ਸ਼੍ਰੀਮਤੀ ਨੀਰੂ ਖੱਟਰ ਵੱਲੋਂ ਮਿਤੀ 01.11.2019 ਤੋਂ ਹੁਣ ਤੱਕ ਪ੍ਰਤੀ ਮਾਹ ਬਣਦਾ ਕਿਰਾਇਆ ਸਮੇਤ ਜੀ.ਐਸ.ਟੀ ਨਗਰ ਨਿਗਮ ਨੂੰ ਹਰ ਮਹੀਨੇ ਜਮ੍ਹਾਂ ਕਰਵਾ ਦਿੱਤਾ ਜਾਂਦਾ ਹੈ ਅਤੇ ਜਿਵੇਂ ਕਿ ਸ਼੍ਰੀਮਤੀ ਨੀਰੂ ਖੱਟਰ ਵੱਲੋਂ ਉਕਤ ਬੇਨਤੀ ਪੱਤਰ ਵਿੱਚ ਵੀ ਲਿਖਿਆ ਗਿਆ ਹੈ ਕਿ ਪੂਰੇ ਭਾਰਤ ਵਿੱਚ ਕੋਵਿਡ-19 ਮਹਾਂਮਾਰੀ ਦੇ ਆਉਣ ਕਾਰਨ ਪੂਰੇ ਭਾਰਤ ਵਿੱਚ ਲਾਕਡਾਊਨ/ਕਰਫਿਓ ਲੱਗ ਗਿਆ ਸੀ ਅਤੇ ਹਰ ਤਰ੍ਹਾਂ ਵਪਾਰਕ ਅਦਾਰੇ ਪੂਰਨ ਤੌਰ ਤੇ ਬੰਦ ਹੋ ਗਏ ਅਤੇ ਇਸ ਦੌਰਾਨ ਸਿਲਵੀ ਪਾਰਕ ਦੀ ਕੰਟੀਨ ਵੀ ਕੁਝ ਮਾਹ ਬੰਦ ਰਹੀ ਸੀ, ਪ੍ਰੰਤੂ ਸ਼੍ਰੀਮਤੀ ਨੀਰੂ ਵੱਲੋਂ ਇਨ੍ਹਾਂ ਮਹੀਨੇਆਂ ਦਾ ਕਿਰਾਇਆ ਵੀ ਨਗਰ ਨਿਗਮ ਨੂੰ ਜਮ੍ਹਾ ਕਰਵਾਇਆ ਗਿਆ ਹੈ।ਇਥੇ ਇਹ ਵੀ ਦੱਸਣ ਯੋਗ ਹੈ ਕਿ ਨਗਰ ਨਿਗਮ ਵੱਲੋਂ ਸ਼੍ਰੀਮਤੀ ਨੀਰੂ ਖੱਟਰ ਨਾਲ ਕੀਤੇ ਗਏ ਐਗਰੀਮੈਂਟ ਦੀ ਸ਼ਰਤ ਨੰ. 01 " **ਇਸ ਇਕਰਾਰਨਾਮੇ ਦੀ ਮਿਆਦ ਮਿਤੀ 01.11.2019 ਤੋਂ ਮਿਤੀ 31.10.2022 ਤੱਕ ਹੋਵੇਗੀ, ਜੇਕਰ ਧਿਰ ਨੰ. 02 ਦਾ ਕੰਮ ਤਸੱਲੀਬਖਸ਼ ਪਾਇਆ ਜਾਂਦਾ ਹੈ ਤਾਂ ਇਸ ਇਕਰਾਰਨਾਮੇ ਦੀ ਮਿਆਦ ਧਿਨ ਨੰ. 01 ਦੀ ਸਮੱਰਥ ਅਥਾਰਟੀ ਤੋਂ ਪ੍ਰਵਾਨਗੀ ਲੈਣ ਉਪਰੰਤ ਸਰਕਾਰ ਵੱਲੋਂ ਮੰਜ਼ੂਰ ਹੋਣ ਤੇ ਵਧਾਈ ਜਾ ਸਕਦੀ ਹੈ** " | |

| | | | | |
|---|---|---|---|---|
| | | | ਅਨੁਸਾਰ ਇਸ ਠੇਕੇ ਦੀ ਮਿਆਦ ਵਿੱਚ ਕਮਿਸ਼ਨਰ ਜੀ ਦੀ ਪ੍ਰਵਾਨਗੀ ਉਪਰੰਤ ਸਰਕਾਰ ਵੱਲੋਂ ਪ੍ਰਵਾਨਗੀ ਮਿਲਣ ਉਪਰੰਤ ਇਸ ਠੇਕੇ ਦੀ ਮਿਆਦ ਵਿੱਚ ਵਾਧਾ ਕੀਤਾ ਜਾ ਸਕਦਾ ਹੈ।<br>ਦਫਤਰੀ ਰਿਕਾਰਡ ਅਨੁਸਾਰ ਸ੍ਰੀਮਤੀ ਨੀਰੂ ਖੱਟਰ ਵੱਲੋਂ ਸਮੇਂ-ਸਮੇਂ ਤੇ ਕੰਟੀਨ ਦਾ ਕਿਰਾਇਆ, ਬਿਜਲੀ ਪਾਣੀ ਦੇ ਆਦਿ ਦੇ ਬਿੱਲਾਂ ਦਾ ਭੁਗਤਾਨ ਕੀਤਾ ਜਾਂਦਾ ਰਿਹਾ ਹੈ ਅਤੇ ਕੰਟੀਨ ਦੀ ਬਿਲਡਿੰਗ ਦੀ ਵੀ ਪੂਰੀ ਤਰ੍ਹਾਂ ਦੇਖ ਰੇਖ ਕੀਤੀ ਗਈ ਹੈ। ਜਿਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸ੍ਰੀਮਤੀ ਨੀਰੂ ਖੱਟਰ ਦਾ ਕੰਮ ਹੁਣ ਤੱਕ ਕੰਮ ਤਸਲੀਬਖਸ਼ ਰਿਹਾ ਹੈ। ਨਗਰ ਨਿਗਮਵੱਲੋਂ ਸ੍ਰੀਮਤੀ ਨੀਰੂ ਖੱਟਰ ਨਾਲ ਕੀਤੇ ਗਏ ਇਕਰਾਰਨਾਮੇ ਦੀ ਸ਼ਰਤ ਨੰ. 01 ਅਨੁਸਾਰ ਅਤੇ ਸ੍ਰੀਮਤੀ ਨੀਰੂ ਖਟੱਰ ਵੱਲੋਂ ਦਿੱਤੀ ਗਈ ਪ੍ਰਤੀ ਬੇਨਤੀ ਨੂੰ ਮੁੱਖ ਰੱਖਦੇ ਹੋਏ ਇਕਰਾਰਨਾਮੇ ਦੀ ਮਿਆਦ ਵਿੱਚ 10 ਪ੍ਰਤੀਸ਼ਤ ਵਾਧੇ ਨਾਲ 1 ਸਾਲ ਦਾ ਵਾਧਾ ਅਤੇ ਕਰੋਨਾ ਮਾਹਾਮਾਰੀਂ ਦੋਰਾਨ ਲਗਭਗ 2 ਸਾਲ ਕੰਮ ਬੰਦ ਰਹਿਣ ਕਰਕੇ ਸ੍ਰੀਮਤੀ ਨੀਰੂ ਖੱਟਰ ਦੇ ਨੁਕਸਾਨ ਦੀ ਭਰਮਾਈ ਕਰਨ ਲਈ ਪ੍ਰਤੀ ਸਾਲ 10 ਪ੍ਰਤੀਸ਼ਤ ਵਾਧੇ ਨਾਲ ਅੱਗੇ ਹੋਰ 02 ਸਾਲ ਦਾ ਕੁਲ 03 ਸਾਲ ਦਾ ਵਾਧਾ ਕਰਨ ਲਈ ਵਿਚਾਰ ਕਰ ਲਿਆ ਜਾਵੇ ਜੀ।<br>ਉਕਤ ਰਿਪੋਰਟ ਜੇਕਰ ਪ੍ਰਵਾਨ ਹੋਵੇ ਤਾਂ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਮਾਨਯੋਗ ਹਾਉਸ ਦੇ ਵਿਚਾਰ/ਪ੍ਰਵਾਨਗੀ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 17) | 167 | 10-11-2022 | **<u>Rough cost estimate for laying New PVC pipe line 3". 90 mm DIA including scour point sluice valve road cut due to dismantling etc at sector-51 and adjoining area YPS School S.A.S Nagar (Amount= Rs. 11.49 lacs)</u>**<br><br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਦੇ ਸਬੰਧ ਵਿੱਚ ਇਸ ਦਫ਼ਤਰ ਵਿਖੇ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰ:–2, ਮੋਹਾਲੀ ਵੱਲੋਂ ਪੱਤਰ ਨੰ: 9531 ਮਿਤੀ: 9-11-2022 ਰਾਹੀਂ ਪੱਤਰ ਪ੍ਰਾਪਤ ਹੋਇਆ ਹੈ। ਜਿਸ ਵਿੱਚ ਉਹਨਾਂ ਵੱਲੋਂ ਵਿਸ਼ੇ ਸਬੰਧੀ ਕੰਮ ਲਈ 11.49 ਲੱਖ ਰੁਪਏ ਦਾ ਤਖਮੀਨਾ ਫੰਡਜ਼ ਉਪਲੰਬਧ ਕਰਵਾਉਣ ਅਤੇ ਪ੍ਰਸ਼ਾਸ਼ਕੀ ਪ੍ਰਵਾਨਗੀ ਦੇਣ ਹਿੱਤ ਪ੍ਰਾਪਤ ਹੋਇਆ ਹੈ।<br>ਉਹਨਾਂ ਵੱਲੋਂ ਦੱਸਿਆਗਿਆ ਹੈ ਕਿ ਮੋਹਾਲੀ ਸ਼ਹਿਰ ਦੀ ਜਲ ਸਪਲਾਈ ਦਾ ਪ੍ਰਬੰਧ ਮਹਿਕਮਾ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰ: *2 ਐਸ.ਏ.ਐਸ ਨਗਰ ਵੱਲੋਂ ਫੇਜ-1 ਤੋਂ* 11 ਸੈਕਟਰ-48 ਸੀ, ਇੰਡ:ਏਰੀਆ ਗਰੌਥ ਫੇਜ਼-1 ਤੋਂ 5, ਸੈਕਟਰ-70-71, ਪਿੰਡ ਸ਼ਾਹਮਾਜਰਾ, ਮਟੌਰ ਅਤੇ ਮਦਨਪੁਰਾ ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ ਨਗਰ (ਮੋਹਾਲੀ) ਦੇ ਬਿਹਾਫ ਤੇ ਕੀਤੀ ਜਾਂਦੀ ਹੈ। ਇਸ ਸਮੇਂ ਮੌਜੂਦਾ ਕਜੌਨੀ ਵਾਟਰ ਵਰਕਸ ਦੇ ਨਹਿਰ ਦਾ ਪਾਣੀ 14.5 ਐਮ.ਜੀ.ਡੀ.ਅਤੇ 3.00 ਐਮ.ਜੀ.ਡੀ.33 ਨੰਬਰ ਟਿਊਬਵੈਲਾਂ ਤੋਂ ਪ੍ਰਾਪਤ ਹੁੰਦਾ ਹੈ। ਮੋਹਾਲੀ ਸ਼ਹਿਰ ਦੀ ਅਬਾਦੀ ਸਾਲ 2011 ਦੀ ਜਨਗਣਨਾ ਮੁਤਾਬਿਕ 146213 ਸੀ। ਐਸ.ਏ.ਐਸ ਨਗਰ (ਮੋਹਾਲੀ) ਸ਼ਹਿਰ ਦੇ ਜਿਲ੍ਹਾ ਬਣਨ ਤੋਂ ਬਾਅਦ ਹਰ ਰੋਜ਼ ਦਿਨ ਦੇ ਸਮੇਂ ਹੋਰ ਸ਼ਹਿਰਾਂ ਵਿੱਚੋਂ ਬਹੁਤ ਗਿਣਤੀ ਵਿੱਚ ਲੋਕ ਆਉਂਦੇ ਹਨ, ਜਿਸਦਾ ਜਨਗਣਨਾ ਵਿੱਚ ਕੋਈ ਜ਼ਿਕਰ ਨਹੀ ਕੀਤਾ ਗਿਆ ਅਤੇ ਨਾ ਹੀ ਪਾਣੀ ਦੀ ਖਪਤ ਦੀ ਵਿਵਸਥਾ ਹੈ। ਗਰਮੀਆਂ ਦੇ ਮੌਸਮ ਵਿੱਚ ਪਾਣੀ ਦੀ ਰੋਜ਼ਾਨਾ ਖਪਤ 25 ਐਮ.ਜੀ.ਡੀ ਹੋ ਜਾਂਦੀ ਹੈ। ਜਦੋਕਿ ਰੋਜ਼ਾਨਾ ਪਾਣੀ ਨਹਿਰ ਤੋਂ 14.5 ਐਮ.ਜੀ.ਡੀ ਅਤੇ ਟਿਊਬਵੈਲਾਂ ਤੋਂ 3.00 ਐਮ.ਜੀ.ਡੀ | **ਸਰਬ–ਸੰਮਤੀ ਨਾਲ ਪ੍ਰਵਾਨ ਹੈ।** |

<table>
<tr><td></td><td></td><td></td><td>ਮਿਲਦਾ ਹੈ। ਇਸ ਤਰ੍ਹਾ ਕੁੱਲ 17.50 ਐਮ.ਜੀ.ਡੀ ਪਾਣੀ ਉਪਲਬਧ ਹੈ ਅਤੇ 7.5 ਐਮ.ਜੀ.ਡੀ ਪਾਣੀ ਦੀ ਘਾਟ ਹੈ।<br>ਉਹਨਾਂ ਵੱਲੋਂ ਤਖਮਨੇ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਵਾਈ.ਪੀ.ਐਸ ਸਕੂਲ ਦੇ ਨਾਲ ਲੱਗਦੇ ਏਰੀਏ ਵਿੱਚ ਪੀਣ ਵਾਲੇ ਪਾਣੀ ਦੀ ਪਾਈਪ ਲਾਈਨ ਨਹੀਂ ਵਿਛਾਈ ਗਈ। ਇਸ ਸਬੰਧੀ ਮਾਨਯੋਗ ਵਿਭਾਗ ਮੁੱਖੀ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਜੀ ਵੱਲੋਂ ਦਿੱਤੇ ਗਏ ਜੁਬਾਨੀ ਆਦੇਸ਼ਾਂ ਮੁਤਾਬਿਕ ਇਸ ਏਰੀਏ ਵਿੱਚ ਨਵੀਂ ਪਾਈਪ ਲਾਇਨ ਵਿਛਾਉਣ ਸਬੰਧੀ ਹਦਾਇਤ ਕੀਤੀ ਗਈ ਹੈ ਕਿ ਵਾਈ.ਪੀ.ਐਸ.ਸਕੂਲ ਦੇ ਨਾਲ ਲੱਗਦੇ ਏਰੀਏ ਵਿੱਚ ਪੀਣ ਵਾਲੇ ਪਾਣੀ ਦੀ ਨਵੀਂ ਪਾਈਪ ਲਾਈਨ ਪੀ.ਵੀ.ਸੀ. 90 ਐਮ.ਐਮ.ਡਾਇਆ ਵਿਛਾਉਣ ਇੰਜੀਨੀਅਰ ਅਤੇ ਏਰੀਆਂ ਇੰਚਾਰਜ ਜੂਨੀਅਰ ਇੰਜੀਨੀਅਰ ਦੀ ਸਿਫਾਰਿਸ ਨੂੰ ਮੁੱਖ ਰੱਖਦੇ ਹੋਏ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਮੋਹਾਲੀ ਵੱਲੋਂ ਇਹ ਤਖਮੀਨਾ ਤਿਆਰ ਕੀਤਾ ਗਿਆ ਹੈ।<br>ਉਪਰੋਕਤ ਅਨੁਸਾਰ ਇਸ ਕੰਮ ਸਬੰਧੀ ਤਖਮੀਨੇ ਦੇ ਅੰਕੜੇ, ਰੇਟ ਅਤੇ ਰਕਮ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀਆਂ ਵੱਲੋਂ ਮੌਕਾ ਚੈਕ ਕਰਕੇ ਸਮੱਰਥ ਅਧਿਕਾਰੀ ਤੋਂ ਪਾਸ ਕਰਵਾ ਕੇ ਹਿਸ ਦਫ਼ਤਰ ਨੂੰ ਪ੍ਰਸ਼ਾਸ਼ਕੀ ਪ੍ਰਵਾਨਗੀ ਅਤੇ ਫੰਡਜ ਉਪਲੰਬਧ ਕਰਵਾਉਣ ਲਈ ਭੇਜੇ ਗਏ ਹਨ। ਇਸ ਲਈ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਤਖਮੀਨੇ ਦੀ ਰਕਮ 11,37,155/- ਰੁਪੈ ਅਤੇ ਐਡਵਰਟਾਈਜਮੈਟ ਚਾਜਰਜ ਦੀ ਰਕਮ 11372/- ਰੁਪੈ ਕੁੱਲ ਰਕਮ 11,48,527/- ਰੁਪੈ ਦੀ ਪ੍ਰਸਾਸਕੀ ਪ੍ਰਵਾਨਗੀ ਦੇਣ ਅਤੇ ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਤੇ ਸੈਨੀਟੇਸ਼ਨ ਮੰਡਲ ਨੰ: 2 ਮੋਹਾਲੀ ਨੂੰ ਫੰਡਜ ਉਪਲਭਧ ਕਰਾਉਣ ਲਈ ਮਿਸਲ ਮਾਨਯੋਗ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।</td><td></td></tr>
<tr><td>18)</td><td>168</td><td>10-11-2022</td><td><u>ਵਿਕਾਸ ਦੇ ਕੰਮ ਦੇ ਤਖਮੀਨੇ ਵਿੱਚ ਵਾਧਾ ਕਰਨ ਸਬੰਧੀ।</u><br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਹੇਠ ਲਿਖਿਆ ਕੰਮ ਜੋਨ ਨੰ: 4 ਵਿੱਚ ਪੈਂਦਾ ਹੈ ਅਤੇ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 60 ਮਿਤੀ: 14/12/2021 ਰਾਂਹੀ ਪ੍ਰਵਾਨ ਹੋਇਆ ਹੈ। ਇਥੇ ਦੱਸਿਆ ਜ਼ਾਂਦਾ ਹੈ ਕਿ ਸੈਕਟਰ-80 ਗਮਾਡਾ ਵੱਲੋਂ ਹੈਡਓਵਰ ਹੋਇਆ ਹੈ। ਇਸ ਸਬੰਧੀ ਮੌਕੇ ਤੇ 30mm BC ਪਾਉਣ ਲਈ 3.21 Crore ਦਾ ਤਖਮੀਨਾ ਤਿਆਰ ਕੀਤਾ ਗਿਆ ਸੀ, ਜੋ ਕਿ ਲੋੜੀਦੀ ਪ੍ਰਵਾਨਗੀ ਲੈਣ ਉਪਰੰਤ ਟੈਂਡਰ ਕਰਕੇ ਕੰਮ York Builder ਨੂੰ ਅਲਾਟ ਕੀਤਾ ਗਿਆ ਸੀ। ਇਸ ਕੰਮ ਦੀ ਐਗਸੀਕਿਊਸ਼ਨ ਦੌਰਾਨ ਸੜਕ ਦੇ ਲੈਵਲ ਨੂੰ ਠੀਕ ਕਰਨ ਲਈ ਮੌਕੇ ਤੇ ਤਖਮੀਨੇ ਵਿੱਚ ਲਈਆਂ ਗਈਆਂ ਸਪੈਸੀਫਿਕੇਸ਼ਨਾਂ ਦੀ ਮਾਤਰਾ ਵਿੱਚ ਵਾਧਾ ਕਰਕੇ ਇਹ ਕੰਮ ਮੌਕੇ ਤੇ ਕਰਵਾ ਦਿੱਤਾ ਗਿਆ ਹੈ। ਜਿਸ ਕਰਕੇ ਪਾਸ ਹੋਏ ਤਖਮੀਨੇ ਦੀ ਰਕਮ ਤੋਂ ਵੱਧ ਦਾ ਕੰਮ ਕਰਵਾਇਆ ਗਿਆ ਹੈ ਅਤੇ ਤਖਮੀਨੇ ਵਿੱਚ ਪ੍ਰਵਾਨ ਕੀਤੀਆਂ ਗਈਆਂ ਆਇਟਮਾਂ ਵਿੱਚ Variation ਕੀਤੀ ਗਈ ਹੈ। ਇਸ ਕੰਮ ਵਿੱਚ 27,90,7868/- ਰਕਮ Restrict ਕੀਤੀ ਗਈ ਹੈ ਅਤੇ ਬਿੱਲ ਰਕਮ 3,22,20412 ਬਣਦੀ ਹੈ। ਇਸ ਲਈ ਕੁੱਲ ਰਕਮ 4312544 ਅਦਾ ਕਰਨੀ ਬਣਦੀ ਹੈ। ਸੋ ਜੇਕਰ ਪ੍ਰਵਾਨ ਹੋਵੇ ਤਾਂ ਹੇਠ ਲਿਖੇ ਵਿਕਾਸ ਦੇ ਤਖਮੀਨੇ ਵਿੱਚ Variation ਕਰਨੀ ਯੋਗ ਹੋਵੇਗੀ ਜੀ।
<table>
<tr><th>S.No</th><th>Name of Work</th><th>Name of Contractor</th><th>Est. Cost (in Lacs)</th><th>W/O No. And Dt:</th></tr>
<tr><td>1.</td><td>P/L of 30mm thick BC in Sec-80, MC S.A.S Nagar</td><td>York Bilders</td><td>3,21,66,746.00</td><td>1067 Dt 31/12/2021</td></tr>
</table></td><td>ਸਰਬ-ਸੰਮਤੀ ਨਾਲ ਪ੍ਰਵਾਨ ਹੈ।</td></tr>
</table>

| | | | | |
|---|---|---|---|---|
| | | | ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |

ਸਹੀ/-
ਮੇਅਰ,
ਨਗਰ ਨਿਗਮ, ਐਸ.ਏ.ਐਸ ਨਗਰ।